# ਕੈਨੇਡਾ ਦਰਪਣ

ਨਵੰਬਰ 9- 16, 1988

**November 9- 16, 1988**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

# ਕੈਨੇਡੀਅਨ ਹਰਜਿੰਦਰ ਹਲਾਕ

NOVEMBER 9-16, 1988 Vol. 07 No. 27 | Out of Greater Vancouver 75¢ | Second Class Mail Reg. No. 5991

ਕੈਨੇਡਾ ਦਰਪਣ

The Canada Darpan The Punjabi Newspaper

P.O.BOX 265, Surrey, B.C. V3T 4W8
Ph: (604) 581-4473

ਨਵੀਂ ਦਿੱਲੀ — ਨੀਊਜ਼ ਸਰਵਿਸ ਨੇ ਖਬਰ ਦਿੱਤੀ ਹੈ ਕਿ ਕੈਨੇਡਾ ਤੋਂ ਖਾਲਿਸਤਾਨ ਲਈ ਲੜਨ ਗਏ ਇਕ ਗਰੁਪ ਵਿਚ ਇਕ ਹਰਜਿੰਦਰ ਸਿੰਘ ਪੁਰਵਾ ਪੁਲਸ ਮੁਕਾਬਲੇ ਵਿਚ ਮਾਰਿਆ ਗਿਆ।

ਪਤਾ ਲੱਗਾ ਹੈ ਕਿ ਪੁਰਵਾ ਰੈਕਸਡੇਲ, ਓਂਟੇਰੀਓ ਦੇ ਰਹਿਣ ਵਾਲਾ ਸੀ ਜੋ ਕਿ ਤਿੰਨ ਹਫਤੇ ਪਹਿਲਾਂ ਸੁਰੱਖਿਆ ਦਲਾਂ ਨਾਲ ਮੁਠਭੇੜ ਵਿਚ ਮਾਰਿਆ ਗਿਆ।

ਇਸ ਸੰਬੰਧੀ ਹੋਰ ਜਾਣਕਾਰੀ ਪ੍ਰਾਪਤ ਨਹੀਂ ਹੋ ਸਕੀ ਕਿ ਇਸ ਗਰੁਪ ਵਿਚ ਕਿੰਨੇ ਬੰਦੇ ਸਨ। ਇਹ ਵੀ ਪਤਾ ਨਹੀਂ ਕਿ ਇਹ ਪਾਕਿਸਤਾਨ ਤੋਂ ਭਾਰਤ ਵਿਚ ਦਾਖਲ ਹੋਣ ਸਮੇਂ ਮਾਰਿਆ ਗਿਆ ਹੈ ਜਾਂ ਪੁਲਸ ਦੇ ਗਸ਼ਤੀ ਦਸਤੇ ਦੀ ਕਿਸੇ ਚੈਕਿੰਗ ਵਿਚ ਮਾਰਿਆ ਗਿਆ।

# ਬਟਾਲਾ ਵਿਚ ਕਰਫਿਊ ਜਾਰੀ

ਚੰਡੀਗੜ੍ਹ — ਇਥੇ ਪੁਜੀਆਂ ਖਬਰਾਂ ਅਨੁਸਾਰ ਪਿਛਲੇ ਹਫਤੇ ਦੌਰਾਨ ਪੰਜਾਬ ਵਿਚ 92 ਵਿਅਕਤੀ ਬੰਬ ਧਮਾਕਿਆਂ ਅਤੇ ਗੋਲੀਆਂ ਦਾ ਸ਼ਿਕਾਰ ਹੋਏ ਹਨ। ਬਟਾਲਾ ਵਿਚ ਅਜੇ ਵੀ ਕਰਫੀਊ ਜਾਰੀ ਹੈ। ਕੱਲ੍ਹ ਕੁਝ ਘੰਟਿਆਂ ਦੀ ਖੁੱਲ੍ਹ ਤੋਂ ਪਿਛੋਂ ਫਿਰ ਕਰਫੀਊ ਲਾਗੂ ਕਰ ਦਿੱਤਾ ਗਿਆ ਹੈ।

## ਬਟਾਲਾ 'ਚ ਲੜੀਵਾਰ ਬੰਬ

4 ਨਵੰਬਰ ਨੂੰ ਬਟਾਲਾ 'ਚ ਵੱਖ ਵੱਖ ਮੰਡੀਆਂ ਵਿਚ ਲਗਾਤਾਰ ਬੰਬ ਧਮਾਕਿਆਂ ਨਾਲ 20 ਵਿਅਕਤੀ ਮੌਕੇ ਉਤੇ ਹੀ ਹਲਾਕ ਹੋ ਗਏ। 10 ਮੌਤਾਂ ਹਸਪਤਾਲਾਂ 'ਚ ਹੋਈਆਂ। 50 ਤੋਂ ਵੱਧ ਵਿਅਕਤੀ ਗੰਭੀਰ ਰੂਪ ਵਿਚ ਜ਼ਖਮੀ ਹਨ। 4 ਨਵੰਬਰ ਨੂੰ ਹੀ ਸ਼ਹਿਰ ਵਿਚ ਕਰਫੀਊ ਲਗਾ ਦਿੱਤਾ ਗਿਆ। ਇਸ ਤੋਂ ਪਹਿਲਾਂ ਪੰਜਾਬ ਦੇ ਵੱਖ ਵੱਖ ਥਾਵਾਂ ਉਤੇ ਦਹਿਸ਼ਤਗਰਦਾਂ ਵਲੋਂ ਛੇ ਵਿਅਕਤੀ ਮਾਰੇ ਜਾਣ ਦੀ ਖਬਰ ਵੀ ਹੈ।

## ਅੰਮ੍ਰਿਤਸਰ 'ਚ 15 ਗ੍ਰਿਫਤਾਰੀਆਂ

ਅੰਮ੍ਰਿਤਸਰ ਲਾਗੇ ਬੱਸ ਕਾਂਡ ਵਿਚ ਮਾਰੇ ਗਏ 11 ਵਿਅਕਤੀਆਂ ਦੇ ਕਤਲ ਦੇ ਮਾਮਲੇ ਵਿਚ ਪੁਲਸ ਨੇ 15 ਦਹਿਸ਼ਤਗਰਦ ਗ੍ਰਿਫਤਾਰ ਕਰ ਲਏ ਹਨ

## ਦੋ ਸਕੇ ਭਾਈ ਕਤਲ

ਬਠਿੰਡਾ ਜ਼ਿਲੇ ਵਿਚ ਦਹਿਸ਼ਤਗਰਦਾਂ ਨੇ ਗਹਿਰੀ ਬੁੱਟਰ ਪਿੰਡ ਵਿਚ ਦੋ ਸਕੇ ਭਾਈਆਂ ਦਾ ਕਤਲ ਕਰ ਦਿੱਤਾ।

## ਅੰਮ੍ਰਿਤਸਰ ਬੱਸ ਕਤਲ ਕਾਂਡ

ਅੰਮ੍ਰਿਤਸਰ ਲਾਗੇ ਬੱਸ ਵਿਚੋਂ ਕੱਢ ਕੇ 11 ਮੁਸਾਫਰ ਉਸ ਸਮੇਂ ਮਾਰੇ ਗਏ ਜਦ ਅਤਿਵਾਦੀਆਂ ਨੇ ਅਜਨਾਲਾ ਕਸਬਾ ਦੇ ਨੇੜੇ ਬੱਸ ਰੋਕ ਲਈ ਅਤੇ ਟਾਇਰ ਬੇਕਾਰ ਕਰ ਦਿੱਤੇ। ਬੱਸ ਗੋਲੀਆਂ ਨਾਲ ਛਾਨਣੀ ਕਰ ਦਿਤੀ ਗਈ। ਇਹ ਕਾਰਾਂ . ਅੱਠ ਅਤਿਵਾਦੀਆਂ ਦੇ ਇਕ ਗਰੋਹ ਨੇ ਕੀਤਾ। ਇਕ ਘਟਨਾ ਰਾਮ ਦਾਸ-ਡੇਰਾ ਬਾਬਾ ਨਾਨਕ ਰੋਡ ਉਤੇ ਵਾਪਰੀ। ਮਾਰੇ ਜਾਣ ਵਾਲੇ 11 ਵਿਅਕਤੀ ਹਿੰਦੂ ਫਿਰਕੇ ਨਾਲ ਸਬੰਧਤ ਸਨ।

## ਅਮਰਜੀਤ ਉਰਫ਼ ਟੀਟਾ ਹਲਾਕ

ਇਸੇ ਦੌਰਾਨ ਅੰਮ੍ਰਿਤਸਰ 'ਚ ਪੁਲਸ ਮੁਕਾਬਲੇ 'ਚ ਅਮਰਜੀਤ ਉਰਫ਼ ਟੀਟਾ ਅਤੇ ਉਸ ਦਾ ਇਕ ਹੋਰ ਸਾਥੀ ਮਾਰੇ ਗਏ।

## ਦਿੱਲੀ 'ਚ ਪੁਲਸ ਚੌਕਸੀ

ਅੰਮ੍ਰਿਤਸਰ ਬੱਸ ਕਤਲ ਕਾਂਡ ਕਾਰਨ ਦਿੱਲੀ ਵਿਚ ਪੁਲਸ ਨੇ ਚੌਕਸੀ ਵਧਾ ਦਿੱਤੀ ਹੈ ਅਤੇ ਦਿੱਲੀ ਤੋਂ ਜਾਣ ਅਤੇ ਦਿੱਲੀ ਤੋਂ ਆਉਣ ਵਾਲੀਆਂ ਸਾਰੀਆਂ ਬੱਸਾਂ ਦੀ ਤਲਾਸ਼ੀ ਲਈ ਜਾ ਰਹੀ ਹੈ। ਸ਼ਹਿਰ ਵਿਚ 200 ਤੋਂ ਵੱਧ ਪੁਲਸ ਚੈਕ ਪੋਸਟਾਂ ਹਨ।

## ਭਿੰਡਰਾਂਵਾਲਾ ਟਾਈਗਰ ਫੋਰਸ ਜ਼ਿਮੇਂਵਾਰ

ਪੁਲਸ ਦੇ ਇਕ ਅਧਿਕਾਰੀ ਨੇ ਇਥੇ ਕਿਹਾ ਕਿ ਅੰਮ੍ਰਿਤਸਰ ਵਿਚ ਹਿੰਦੂ ਮੁਸਾਫਰਾਂ ਦੇ ਕਤਲ ਭਿੰਡਰਾਂਵਾਲਾ ਟਾਈਗਰ ਫੋਰਸ ਦੇ ਸਤਨਾਮ ਸਿੰਘ ਸੱਤਾ ਦੇ ਗਰੋਹ ਨੇ ਕੀਤੇ ਹਨ। ਅੰਮ੍ਰਿਤਸਰ ਤੇ ਗੁਰਦਾਸਪੁਰ ਵਿਚ ਸਤਨਾਮ ਸੱਤਾ ਦੀ ਤਲਾਸ਼ ਜਾਰੀ ਹੈ।

# ਪਟਨੇ ਵਿਚ ਚਾਰ ਗ੍ਰਿਫਤਾਰ

ਪਟਨੇ ਦੇ ਇਕ ਹੋਟਲ ਵਿਚ ਚਾਰ ਅਤਿਵਾਦੀ ਗ੍ਰਿਫਤਾਰ ਕੀਤੇ ਗਏ ਜਿਨ੍ਹਾਂ ਦੀ ਸੂਚਨਾ ਪੁਲਸ ਨੂੰ ਲੁਧਿਆਣੇ ਤੋਂ ਪ੍ਰਾਪਤ ਹੋਈ ਸੀ। ਉਹ ਲੁਧਿਆਣੇ ਤੋਂ ਦੌੜੇ ਹੋਏ ਸਨ ਤੇ 3 ਨਵੰਬਰ ਨੂੰ ਰਾਜੀਵ ਗਾਂਧੀ ਨੇ ਬਿਹਾਰ ਦੇ ਦੌਰੇ ਉਤੇ ਜਾਣਾ ਸੀ ਤੇ ਉਨ੍ਹਾਂ ਦੀ ਇੱਛਾ ਪ੍ਰਧਾਨ ਮੰਤਰੀ ਉਤੇ ਹਮਲਾ ਕਰਨ ਦੀ ਦੱਸੀ ਜਾਂਦੀ ਸੀ। ਪਰ ਮਾਲਦੀਵ ਵਿਚ ਰਾਜਪਲਟੇ ਕਾਰਨ ਪ੍ਰਧਾਨ ਮੰਤਰੀ ਬਿਹਾਰ ਨਾ ਪਹੁੰਚੇ। ਮੇਵਾ ਸਿੰਘ, ਸ਼ੇਰ ਸਿੰਘ, ਸੁਖਦੇਵ ਸਿੰਘ ਅਤੇ ਸਵਰਨ ਸਿੰਘ ਹਥਿਆਰਾਂ ਸਮੇਤ ਇਕ ਹੋਟਲ ਵਿਚ ਹੀ ਫੜੇ ਗਏ।

# ਰੋਡੇ ਦਾ 'ਸਰਬੱਤ ਖਾਲਸਾ' ਕੈਂਸਲ

## ਪੁਲਸ ਵਲੋਂ ਮਨਜ਼ੂਰੀ ਨਹੀਂ ਮਿਲੀ — ਰੋਡੇ

ਬਠਿੰਡਾ — ਸ਼੍ਰੋਮਣੀ ਕਮੇਟੀ ਵਲੋਂ ਡਿਸਮਿਸ ਕੀਤੇ ਸਾਬਕਾ ਜਥੇਦਾਰ ਜਸਬੀਰ ਸਿੰਘ ਰੋਡੇ ਨੇ ਦਮਦਮਾ ਸਾਹਿਬ 'ਚ ਐਲਾਨ ਕੀਤਾ ਕਿ ਦੀਵਾਲੀ ਦੇ ਮੌਕੇ ਉਤੇ ਕੀਤਾ ਜਾਣ ਵਾਲਾ 'ਸਰਬੱਤ ਖਾਲਸਾ' ਕੈਂਸਲ ਕਰ ਦਿੱਤਾ ਗਿਆ ਹੈ ਕਿਉਂਕਿ ਪੁਲਸ ਮੁਖੀ ਕੇ. ਪੀ. ਐਸ ਗਿੱਲ ਨੇ 'ਸਰਬੱਤ ਖਾਲਸਾ' ਕਰਨ ਦੀ ਆਗਿਆ ਨਹੀਂ ਦਿੱਤੀ।

ਯਾਦ ਰਹੇ ਕਿ ਸ਼੍ਰੋਮਣੀ ਕਮੇਟੀ ਨੇ ਪਹਿਲਾਂ ਹੀ ਇਲਜ਼ਾਮ ਲਾਇਆ ਸੀ ਕਿ ਸ੍ਰੀ ਰੋਡੇ ਸਰਕਾਰ ਨਾਲ ਮਿਲੇ ਹੋਏ ਹਨ। ਸ਼੍ਰੋਮਣੀ ਕਮੇਟੀ ਦੇ ਇਕ ਅਧਿਕਾਰੀ ਨੇ ਕਿਹਾ ਕਿ ਕਮੇਟੀ ਨੂੰ ਪਹਿਲਾਂ ਹੀ ਪਤਾ ਸੀ ਕਿ ਜਸਬੀਰ ਸਿੰਘ ਸਰਕਾਰ ਦੀ ਮਰਜ਼ੀ ਬਿਨਾਂ ਇਹ 'ਸਰਬੱਤ ਖਾਲਸਾ' ਨਹੀਂ ਕਰੇਗਾ।

ਗਵਰਨਰ ਦੇ ਸਲਾਹਕਾਰ ਸ੍ਰੀ ਰੇਬੀਰੋ ਨੇ ਕਿਹਾ ਕਿ ਧਾਰਮਿਕ ਸਥਾਨਾਂ 'ਚ ਸਿਆਸੀ ਅਖਾੜੇ ਲਾਉਣ ਦੀ ਹੁਣ ਕਦੇ ਵੀ ਆਗਿਆ ਨਹੀਂ ਦਿੱਤੀ ਜਾਵੇਗੀ।

## ਸ਼੍ਰੋਮਣੀ ਕਮੇਟੀ ਦੀ ਸਾਲਾਨਾ ਚੋਣ

ਸ਼੍ਰੋਮਣੀ ਕਮੇਟੀ ਦੀ ਐਗਜ਼ੇਕਟਿਵ ਨੇ 8 ਨਵੰਬਰ ਨੂੰ ਹੋਈ ਮੀਟਿੰਗ ਵਿਚ ਕਿਹਾ ਕਿ ਸ਼੍ਰੋਮਣੀ ਕਮੇਟੀ ਦੀ ਐਗਜ਼ੇਕਟਿਵ ਦੀ ਚੋਣ 30 ਨਵੰਬਰ ਨੂੰ ਅੰਮ੍ਰਿਤਸਰ ਵਿਚ ਮੀਟਿੰਗ ਹੋਵੇਗੀ ਜਿਸ ਵਿਚ 11 ਮੈਂਬਰੀ ਐਗਜ਼ੇਕਟਿਵ ਚੁਣੀ ਜਾਵੇਗੀ। ਖਬਰ ਹੈ ਕਿ ਜਥੇਦਾਰ ਟੌਹੜਾ ਫਿਰ ਪ੍ਰਧਾਨ ਚੁਣੇ ਜਾਣਗੇ।

## 8 ਨਵੰਬਰ ਨੂੰ 4 ਕਤਲ

ਪਿਛਲੇ 24 ਘੰਟਿਆਂ ਵਿਚ ਚਾਰ ਵਿਅਕਤੀ ਹੋਰ ਦਹਿਸ਼ਤਗਰਦਾਂ ਦੀਆਂ ਗੋਲੀਆਂ ਦਾ ਸ਼ਿਕਾਰ ਹੋਏ। ਮਰਨ ਵਾਲਿਆਂ ਵਿਚ ਅੰਮ੍ਰਿਤਸਰ ਵਿਚ ਭਾਰਤੀ ਜਨਤਾ ਪਾਰਟੀ ਦਾ ਪ੍ਰੀਤਮ ਸਿੰਘ ਵੀ ਸ਼ਾਮਲ ਸੀ।

## ਗਸ਼ਤੀ ਟੁਕੜੀ ਤੇ ਹਮਲਾ

ਦਹਿਸ਼ਤਗਰਦ ਦੇ ਇਕ ਗਰੋਹ ਨੇ ਚੱਕ ਮੁਹੰਮਦ ਪਿੰਡ ਵਿਚ ਇਕ ਪੁਲਸ ਦੀ ਗਸ਼ਤੀ ਟੁਕੜੀ ਉਤੇ ਹਮਲਾ ਕੀਤਾ ਜਿਸ ਵਿਚ ਹੈਡ ਕਾਂਸਟੇਬਲ ਅਜੀਤ ਸਿੰਘ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ ਪਰ ਦਹਿਸ਼ਤਗਰਦ ਹਨੇਰੇ 'ਚ ਹਮਲਾ ਕਰਕੇ ਖਿਸਕ ਗਏ।

## 11 ਪੁਲਸੀਏ ਮੁਅੱਤਲ

ਅਟਾਰੀ ਬਾਰਡਰ ਉਤੇ ਐਸ ਪੀ ਰਾਜਿੰਦਰ ਸਿੰਘ ਨੇ ਗਿਆਰਾਂ ਪੁਲਸ ਵਾਲੇ ਸਸਪੈਂਡ ਕਰ ਦਿੱਤੇ ਹਨ। ਉਨ੍ਹਾਂ ਉਤੇ ਰਿਸ਼ਵਤ ਲੈਣ ਦਾ ਦੋਸ਼ ਸੀ।

## ਕਮਿਊਨਿਸਟ ਮੈਂਬਰ ਵਲੋਂ ਸਾਢੇ ਸੱਤ ਲੱਖ ਦਾਨ

ਪਾਰਲੀਮੈਂਟ 'ਚ ਕਮਿਊਨਿਸਟ ਆਗੂ ਗੁਰੂਦਾਸ ਗੁਪਤਾ ਨੇ ਸਰਕਾਰ ਵਲੋਂ ਸਾਢੇ ਸੱਤ ਲੱਖ ਰੁਪਏ ਦੇ ਇਨਾਮ ਦੀ ਰਕਮ ਉਨ੍ਹਾਂ ਅਨਾਥ ਬੱਚਿਆਂ ਲਈ ਦਾਨ ਕਰ ਦਿੱਤੀ ਹੈ ਜਿਨ੍ਹਾਂ ਦੇ ਮਾਪੇ ਖਾਲਿਸਤਾਨੀ ਦਹਿਸ਼ਤਗਰਦੀ ਦਾ ਸ਼ਿਕਾਰ ਹੋਏ ਹਨ। ਇਹ ਇਨਾਮ ਉਨ੍ਹਾਂ ਨੂੰ ਇਕ ਮਲਟੀਨੈਸ਼ਨਲ ਕੰਪਨੀ ਵਲੋਂ ਕੀਤੀ ਹੇਰਾਫੇਰੀ ਦੀ ਸੂਚਨਾ ਸਰਕਾਰ ਨੂੰ ਦੇਣ ਕਾਰਨ ਦਿਤਾ ਗਿਆ ਸੀ। ਸ੍ਰੀ ਦਾਸ ਗੁਪਤਾ ਨੇ ਕਿਹਾ ਕਿ ਇਹ ਰਕਮ ਉਹ ਅਨਾਥ ਬੱਚਿਆਂ ਨੂੰ ਭੇਜ ਰਹੇ ਹਨ। ਪਾਰਲੀਮੈਂਟ ਦੇ ਮੈਂਬਰਾਂ ਵਲੋਂ ਉਨ੍ਹਾਂ ਦੇ ਇਸ ਬਿਆਨ ਦਾ ਸੁਆਗਤ ਤਾੜੀਆਂ ਨਾਲ ਕੀਤਾ ਗਿਆ।

## ਮੇਜਰ ਜਨਰਲ ਭੂਪਿੰਦਰ ਨਾਥ ਕਤਲ

ਚੰਡੀਗੜ੍ਹ — ਖਬਰ ਹੈ ਕਿ ਸੋਮਵਾਰ ਸਵੇਰੇ ਭਾਖੜਾ ਬਿਆਸ ਕੰਟਰੋਲ ਬੋਰਡ ਦਾ ਡਾਇਰੈਕਟਰ ਮੇਜਰ ਜਨਰਲ ਭੂਪਿੰਦਰ ਨਾਥ ਨੂੰ ਤਿੰਨ ਅਤਿਵਾਦੀਆਂ ਨੇ ਗੋਲੀਆਂ ਮਾਰਕੇ ਕਤਲ ਕਰ ਦਿੱਤਾ। ਦੱਸਿਆ ਜਾਂਦਾ ਹੈ ਕਿ ਸ੍ਰੀ ਬੀ. ਐਨ. ਕੁਮਾਰ ਕੇਂਦਰੀ ਸਰਕਾਰ ਵਲੋਂ ਭਾਖੜੇ ਨਾਲ ਸੰਬੰਧਿਤ ਫੌਜੀ ਮਾਮਲਿਆਂ ਬਾਰੇ ਇਨਚਾਰਜ ਸੀ।

ਸ੍ਰੀ ਕੁਮਾਰ ਜਿਸ ਸਮੇਂ ਸਵੇਰੇ ਆਪਣੇ ਘਰ ਤੋਂ ਦਫਤਰ ਜਾਣ ਲਈ ਨਿੰਵ ਕੇ ਜਦੋਂ ਕਾਰ ਵਿਚ ਬੈਠਣ ਲੱਗੇ ਤਾਂ ਤਿੰਨ ਖਾਲਿਸਤਾਨੀ ਅਤਿਵਾਦੀਆਂ ਨੇ ਉਨ੍ਹਾਂ ਉਪਰ ਏ. ਕੇ. 47 ਮਸ਼ੀਨਗੰਨਾਂ ਨਾਲ ਹਮਲਾ ਕਰ ਦਿੱਤਾ। ਸ੍ਰੀ ਕੁਮਾਰ ਮੌਕੇ ਤੇ ਹੀ ਦਮ ਤੋੜ ਗਏ। ਉਨ੍ਹਾਂ ਦਾ ਸਹਾਇਕ ਸਖਤ ਜ਼ਖਮੀ ਹੋ ਗਿਆ ਅਤੇ ਡਰਾਈਵਰ ਵੀ ਜ਼ਖਮੀ ਹੋ ਗਿਆ। ਦੱਸਿਆ ਜਾਂਦਾ ਹੈ ਕਿ ਉਚ ਅਧਿਕਾਰੀਆਂ ਉਪਰ ਹਮਲੇ ਪਿਛੇ ਜਿਹੇ ਹੋਈ ਅਤਿਵਾਦੀਆਂ ਦੇ ਵੱਖੋ ਵੱਖ ਗੁਰੂਆਂ ਦੀ ਇਕ ਮੀਟਿੰਗ ਵਿਚ ਕੀਤਾ ਗਿਆ ਸੀ।

## ਚੌਂਕ ਮਹਿਤਾ ਪੁਲਿਸ ਦੇ ਘੇਰੇ ਵਿਚ

ਅੰਮ੍ਰਿਤਸਰ — ਪਤਾ ਲੱਗਾ ਹੈ ਕਿ ਚੰਡੀਗੜ੍ਹ ਵਿਚ ਭਾਖੜਾ-ਬਿਆਸ ਕੰਟਰੋਲ ਬੋਰਡ ਦੇ ਇਕ ਅਧਿਕਾਰੀ ਸ੍ਰੀ ਬੀ ਕੇ ਕੁਮਾਰ ਦੀ ਹੱਤਿਆ ਤੋਂ ਤੁਰਤ ਮਗਰੋਂ, ਪੰਜਾਬ ਪੁਲਸ ਦੇ ਮੁਖੀ ਸ੍ਰੀ ਕੇ ਪੀ ਐਸ ਗਿੱਲ ਨੇ ਪੁਲਸ ਅਫਸਰਾਂ ਦੀ ਇਕ ਐਮਰਜੈਂਸੀ ਮੀਟਿੰਗ ਅੰਮ੍ਰਿਤਸਰ ਵਿਚ ਕੀਤੀ। ਮੀਟਿੰਗ ਤੋਂ ਅੱਧੇ ਘੰਟੇ ਪਿਛੋਂ ਪੁਲਸ ਦੀ ਭਾਰੀ ਫੋਰਸ ਨੇ ਦਮਦਮੀ ਟਕਸਾਲ ਦੇ ਹੈਡ ਕੁਆਰਟਰ ਚੌਕ ਮਹਿਤਾ ਦੀ ਘੇਰਾਬੰਦੀ ਕਰ ਲਈ। ਕਿਹਾ ਜਾਂਦਾ ਹੈ ਕਿ ਲੰਘੀ ਮਈ ਵਿਚ ਜਦੋਂ ਹਰਿਮੰਦਰ ਸਾਹਿਬ ਦੀ ਘੇਰਾਬੰਦੀ ਸਮੇਂ ਅਤਿਵਾਦੀਆਂ ਦਾ ਇਕ ਗਰੁਪ ਹੱਥ ਖੜੇ ਕਰਕੇ ਬਾਹਰ ਨਿਕਲ ਆਇਆ ਸੀ ਤਾਂ ਉਨ੍ਹਾਂ ਦੇ ਹਦਾਇਤ ਕੇਂਦਰ ਬੰਦ ਹੋ ਗਏ ਸੀ ਅਤੇ ਚੋਟੀ ਦੇ ਕਾਫੀ ਅਤਿਵਾਦੀ ਫੜੇ ਗਏ ਸਨ ਜਾਂ ਮਾਰੇ ਗਏ ਸਨ ਜਿਨ੍ਹਾਂ ਨੇ ਹਰਿਮੰਦਰ ਸਾਹਿਬ ਦੇ ਅੰਦਰ ਮਲ-ਮੂਤਰ ਕਰਕੇ ਉਸ ਨੂੰ ਅਪਵਿੱਤਰ ਕਰ ਦਿੱਤਾ ਸੀ।

ਪੁਜੀਆਂ ਖਬਰਾਂ ਅਨੁਸਾਰ ਪੰਜਾਬ ਪੁਲੀਸ ਨੂੰ ਸ਼ੱਕ ਹੋਈ ਹੈ ਕਿ ਹੁਣ ਅਤਿਵਾਦੀ ਗਰੁਪਾਂ ਨੂੰ ਹਦਾਇਤਾਂ ਚੌਂਕ ਮਹਿਤਾ ਤੋਂ ਮਿਲ ਰਹੀਆਂ ਹਨ।

ਚੌਂਕ ਮਹਿਤਾ ਤੋਂ ਕਿਸੇ ਦੇ ਗ੍ਰਿਫਤਾਰ ਕਰਨ ਦੀ ਹਾਲੇ ਤੱਕ ਕੋਈ ਖਬਰ ਨਹੀਂ ਹੈ।

## ਬਰਤਾਨੀਆ ਸਰਕਾਰ ਖਾਲਿ-ਸਤਾਨੀਆਂ ਨੂੰ ਨੱਥ ਪਾਵੇ — ਰੇਅ

ਲੰਡਨ — ਪੰਜਾਬ ਦੇ ਗਵਰਨਰ ਰੇਅ ਨੇ ਬਰਤਾਨੀਆਂ ਦੇ ਅਧਿਕਾਰੀਆਂ ਨਾਲ ਗੱਲਬਾਤ ਵਿਚ ਜ਼ੋਰ ਦਿੱਤਾ ਕਿ ਬਰਤਾਨੀਆ ਸਰਕਾਰ ਇਥੇ ਰਹਿੰਦੇ ਖਾਲਿਸਤਾਨੀਆਂ ਦੇ ਨੱਥ ਪਾਵੇ ਅਤੇ ਇਨ੍ਹਾਂ ਨੂੰ ਪਾਕਿਸਤਾਨ ਰਾਹੀਂ ਧਨ ਅਤੇ ਹਥਿਆਰ ਭੇਜਣ ਤੋਂ ਰੋਕੇ।

ਸ੍ਰੀ ਰੇਅ ਨੇ ਕਿਹਾ ਕਿ ਬਰਤਾਨੀਆ, ਕੈਨੇਡਾ ਤੇ ਅਮਰੀਕਾ ਦੀਆਂ ਖਾਲਿਸਤਾਨੀ ਸੰਸਥਾਵਾਂ ਪਾਕਿਸਤਾਨ ਰਾਹੀਂ ਲੱਖਾਂ ਰੁਪਏ ਹਥਿਆਰਾਂ ਲਈ ਭੇਜ ਰਹੀਆਂ ਹਨ।

ਸ੍ਰੀ ਰੇਅ ਇੰਗਲੈਂਡ ਵਿਚ ਆਪਣੀ ਸੱਸ ਸ੍ਰੀਮਤੀ ਆਸ਼ਾ ਭੱਟਾਚਾਰੀਆ ਦੇ ਅੰਤਮ ਸਸਕਾਰ ਵਿਚ ਸ਼ਾਮਲ ਹੋਣ ਲਈ ਆਏ ਹੋਏ ਸਨ।

# 'Honest, hardworking and outspoken.'

## Svend Robinson

NEW DEMOCRATS

BURNABY-KINGSWAY

ਬਰਨਬੀ-ਕਿੰਗਜ਼ਵੇ ਨਿਵਾਸੀਓ

## ਸਵੈਂਡ ਰੌਬਿਨਸਨ

ਨੂੰ ਜਿਤਾਓ



We need your assistance to help re-elect Svend as our M.P. in Burnaby-Kingsway.
Please contact election headquarters:
4624 Hastings Street,
North Burnaby (one block east of Willingdon)

**299-2211**

**ਸਵੈਂਡ ਰੌਬਿਨਸਨ ਨੂੰ ਦੁਬਾਰਾ ਐਮ. ਪੀ. ਚੁਣੋ**

Authorized by Hazel Simnett, Official Agent for Svend Robinson

### Jobs, resources and Medicare threatened by deal

This federal election is the most important in Canada's history. The Mulroney trade deal puts our medicare, our resources (including energy and water), our environment and our jobs at risk. This election gives Canadians a clear chance to say NO to this Conservative sellout of our country.

Svend Robinson, Ed Broadbent and the New Democrats continue to be the leading opponents of the trade deal.

You know that you can trust Svend Robinson, Ed Broadbent and the New Democrats to keep on speaking up for average Canadians like you. We don't want Canada to become a 51st state.

Vote Svend Robinson on November 21.

### ਫਰੀ ਟਰੇਡ ਦੇ ਕਾਰਨ ਕੰਮਾਂ, ਕੁਦਰਤੀ ਸਾਧਨਾਂ ਅਤੇ ਡਾਕਟਰੀ ਸੇਵਾਵਾਂ ਨੂੰ ਖਤਰਾ

ਇਹ ਫੈਡਰਲ ਚੋਣਾਂ ਕੈਨੇਡੀਅਨ ਇਤਿਹਾਸ ਵਿਚ ਬਹੁਤ ਹੀ ਅਹਿਮ ਹੈ। ਮਰੂਨੀ ਦੇ ਇਸ ਸਮਝੌਤੇ ਨਾਲ ਸਾਡੀਆਂ ਡਾਕਟਰੀ ਸੇਵਾਵਾਂ, ਸਾਡੇ ਸਾਧਨਾਂ (ਬਾਲਣ ਸ਼ਕਤੀ ਅਤੇ ਪਾਣੀ), ਸਾਡੇ ਵਾਤਾਵਰਣ ਅਤੇ ਕੰਮਾਂ ਨੂੰ ਖਤਰਾ ਹੈ। ਇਸ ਚੋਣ ਵਿਚ ਕੈਨੇਡੀਅਨ ਲੋਕਾਂ ਪਾਸ ਕਨਜ਼ਰਵੇਟਿਵਾਂ ਵਲੋਂ ਦੇਸ਼ ਨੂੰ ਵੇਚਣ ਦੇ ਮਸਲੇ ਤੇ ਨਾਂਹ ਕਰਨ ਦਾ ਮੌਕਾ ਹੈ।

ਇਸ ਵਪਾਰਕ ਸਮਝੌਤੇ ਦੇ ਮੁਖ ਵਿਰੋਧੀ ਸਵੈਂਡ ਰੌਬਿਨਸਨ, ਐਂਡ ਬਰੌਡਬੈਂਟ ਅਤੇ ਐਨ. ਡੀ. ਪੀ. ਵਾਲੇ ਹਨ।

ਤੁਸੀਂ ਇਸ ਗੱਲ ਤੇ ਯਕੀਨ ਕਰ ਸਕਦੇ ਹੋ ਕਿ ਸਵੈਂਡ ਰੌਬਿਨਸਨ ਅਤੇ ਐਨ. ਡੀ. ਪੀ. ਆਮ ਲੋਕਾਂ ਦੀ ਗੱਲ ਕਰਦੇ ਹਨ। ਅਸੀਂ ਕੈਨੇਡਾ ਨੂੰ ਅਮਰੀਕਾ ਦੀ 51ਵੀਂ ਸਟੇਟ ਨਹੀਂ ਚਾਹੁੰਦੇ।

## 21 ਨਵੰਬਰ ਨੂੰ ਸਵੈਂਡ ਰੌਬਿਨਸਨ ਨੂੰ ਦੁਬਾਰਾ ਚੁਣੋ



***'After An Auto Accident, Call On Experience:***

# Bernard Simpson And Company

**Lawyers**

Practice **RESTRICTED** to **INJURIES CAUSED BY CAR ACCIDENTS**

ICBC Claims

***No charge for initial consultation***

***Translation Services Available***

ਦੁਭਾਸ਼ੀਏ ਦੀਆਂ ਸੇਵਾਵਾਂ ਵੀ ਹਨ

**Call collect**
*24 Hour Calls*

**Ph. 734-2272**

**ਤੁਹਾਡੇ ਕਲੇਮ ਦੇ ਦੌਰਾਨ ਅਸੀਂ ਸਾਰੇ ਖਰਚੇ ਦਿੰਦੇ ਹਾਂ**
**ਤੁਹਾਡੇ ਲਈ ਇਹ ਜ਼ਰੂਰੀ ਨਹੀਂ ਕਿ ਕੇਸ ਦੇ ਖਤਮ ਹੋਣ ਤੱਕ ਤੁਸੀਂ ਅਦਾਇਗੀ ਕਰੋਂ**

- ਵੈਨਕੂਵਰ ਵਿਚ ਸਾਡੀ ਹੀ ਇਕ ਅਜਿਹੀ ਕਾਨੂੰਨੀ ਫਰਮ ਹੈ, ਜਿਹੜੀ ਕਿ ਸਿਰਫ ਕਾਰ ਐਕਸੀਡੈਂਟ ਦੇ ਕੇਸ ਹੀ ਹੈਂਡਲ ਕਰਦੀ ਹੈ
- ਅਸੀਂ ਕੇਵਲ ਕਾਰ ਐਕਸੀਡੈਂਟ ਸੰਬੰਧੀ ਆਈ. ਸੀ. ਬੀ. ਸੀ. ਕਲੇਮਾਂ ਨੂੰ ਹੀ ਹੈਂਡਲ ਕਰਦੇ ਹਾਂ

**Situated In the B.C. Automobile Association Building**

**Ste. 750, 999 West Broadway**
**Vancouver, B.C. V5Z 1K5**

# ਬੱਬਰ ਖਾਲਸਾ ਦੇ ਚਾਰ ਬੰਦੇ ਗ੍ਰਿਫਤਾਰ

## 2 ਦਹਿਸ਼ਤਗਰਦ ਹਲਾਕ

ਚੰਡੀਗੜ੍ਹ — ਪਿਛਲੇ ਦਿਨ ਸੁਰੱਖਿਆ ਸੈਨਾਵਾਂ ਨੇ ਬੱਬਰ ਖਾਲਸਾ ਜਥੇਬੰਦੀ ਦੇ ਚਾਰ ਵਿਅਕਤੀ ਗ੍ਰਿਫਤਾਰ ਕਰ ਲਏ ਜਦ ਕਿ ਦੋ ਦਹਿਸ਼ਤਗਰਦ ਪੁਲਸ ਦੀਆਂ ਗੋਲੀਆਂ ਨਾਲ ਮਾਰੇ ਗਏ। ਪਤਾ ਲੱਗਾ ਹੈ ਕਿ ਦੋਵੇਂ ਦਹਿਸ਼ਤਗਰਦ ਟਾਂਡਾ ਕਤਲ ਕੇਸ ਵਿਚ ਸ਼ਾਮਲ ਸਨ। ਦਹਿਸ਼ਤਗਰਦਾਂ ਨੇ 3 ਨਵੰਬਰ ਨੂੰ ਛੇ ਵਿਅਕਤੀ ਹਲਾਕ ਕੀਤੇ।

### ਅਤਿਵਾਦੀਆਂ ਵਲੋਂ ਹਮਲਾ

ਅੰਮ੍ਰਿਤਸਰ ਦੇ ਪਿੰਡ ਅਮਰ ਗੰਗਾ ਵਿਚ ਹਥਿਆਰਬੰਦ ਅਤਿਵਾਦੀਆਂ ਨੇ ਹਮਲਾ ਕੀਤਾ ਤੇ ਤਿੰਨ ਵਿਅਕਤੀ ਮਾਰ ਦਿਤੇ। ਸੁਰੱਖਿਆ ਸੈਨਕਾਂ ਨੇ ਪਿੰਡ ਨੂੰ ਘੇਰਾ ਪਾ ਲਿਆ ਤੇ ਅਤਿਵਾਦੀਆਂ ਦੀ ਤਲਾਸ਼ ਜਾਰੀ ਹੈ। ਇਸੇ ਦੌਰਾਨ ਵੀਰਵਾਰ ਨੂੰ ਦੋ ਅਤਿਵਾਦੀ ਵੀ ਮਾਰੇ ਗਏ। ਸੂਬੇ ਦੇ ਵੱਖ ਵੱਖ ਹਿਸਿਆਂ ਵਿਚ ਤਿੰਨ ਹੋਰ ਵਿਅਕਤੀਆਂ ਦੀ ਮੌਤ ਦੀ ਖਬਰ ਮਿਲੀ ਹੈ।

### ਬੰਬਈ ਵਿਚ ਪ੍ਰੋਫੈਸਰ ਵੀ ਸ਼ਾਮਲ

ਬੰਬਈ ਦੀ ਇਕ ਕੋਰਟ ਵਿਚ ਪਟਿਆਲਾ ਤੋਂ ਗਏ ਇਕ ਪੁਲਸ ਅਧਿਕਾਰੀ ਨੇ ਦੱਸਿਆ ਕਿ ਫੜੇ ਗਏ ਦਹਿਸ਼ਤਗਰਦ ਅਤਿੰਦਰਪਾਲ ਸਿੰਘ ਨੂੰ ਬੰਬਈ ਵਿਚ ਜੈਹਿੰਦ ਕਾਲਜ ਦਾ ਪ੍ਰੋਫੈਸਰ ਜਗਮੋਹਣ ਸਿੰਘ ਅਤੇ ਉਸਦਾ ਚਚੇਰਾ ਭਰਾ ਪਰਮਜੀਤ ਸਿੰਘ ਪਨਾਹ ਵੀ ਦਿੰਦੇ ਰਹੇ ਅਤੇ ਹਥਿਆਰ ਵੀ ਸਪਲਾਈ ਕਰਦੇ ਰਹੇ। ਇਹ ਦੋਵੇਂ ਭਰਾਵਾਂ ਨੇ ਵਿਸਫੋਟਕ ਪਦਾਰਥ ਵੀ ਦਹਿਸ਼ਤਗਰਦਾਂ ਨੂੰ ਸਪਲਾਈ ਕੀਤੇ ਜਿਨ੍ਹਾਂ ਨਾਲ ਅਤਿਵਾਦੀਆਂ ਨੇ ਪੰਜਾਬ, ਹਰਿਆਣਾ, ਹਿਮਾਚਲ ਤੇ ਦਿੱਲੀ ਵਿਚ ਬੰਬ ਧਮਾਕੇ ਕੀਤੇ।

### ਭਗਵਾਨ ਸਿੰਘ ਨੇ ਜ਼ਹਿਰ ਖਾ ਕੇ ਆਤਮ ਹੱਤਿਆ ਕਰ ਲਈ

ਜਲੰਧਰ — ਇਥੋਂ ਦੇ ਇਕ ਪਿੰਡ ਰੰਧਾਵਾਮਸਦਾ ਵਿਚ ਪੁਲਸ ਹਿਰਾਸਤ ਵਿਚ ਲਏ ਗਏ ਦਹਿਸ਼ਤਗਰਦ ਭਗਵਾਨ ਸਿੰਘ ਨੇ ਸਾਈਨਾਈਡ ਖਾ ਕੇ ਆਤਮ-ਹੱਤਿਆ ਕਰ ਲਈ ਹੈ।

ਭਗਵਾਨ ਸਿੰਘ ਪੁਲਸ ਨੂੰ ਜਲੰਧਰ ਵਿਚ ਹੋਏ ਕਤਲਾਂ ਦੇ ਸੰਬੰਧਾਂ ਵਿਚ ਲੋੜੀਂਦਾ ਸੀ ਅਤੇ ਇਕ ਫੜੇ ਗਏ ਦਹਿਸ਼ਤਗਰਦ ਦੀ ਮੁਖਬਰੀ ਉਤੇ ਹੀ ਭਗਵਾਨ ਸਿੰਘ ਰੰਧਾਵਾਮਸਦਾ ਵਿਚ ਫੜਿਆ ਗਿਆ ਸੀ।

## ਰਾਮ ਜੇਠ ਮਲਾਨੀ ਦੀ ਅਪੀਲ ਰਾਸ਼ਟਰਪਤੀ ਨੇ ਠੁਕਰਾਈ

ਭਾਰਤ ਦੇ ਰਾਸ਼ਟਰਪਤੀ ਵੈਂਕਟਰਮਨ ਨੇ ਕਿਹਰ ਸਿੰਘ ਦੇ ਵਕੀਲ ਰਾਮ ਜੇਠ ਮਲਾਨੀ ਦੀ ਉਹ ਅਪੀਲ ਰੱਦ ਕਰ ਦਿੱਤੀ ਜਿਸ ਵਿਚ ਕਿਹਾ ਗਿਆ ਸੀ ਕਿ ਉਹ ਕਿਹਰ ਸਿੰਘ ਦੀ ਮੁਆਫੀ ਦੀ ਅਪੀਲ ਉਤੇ ਸੁਣਵਾਈ ਕਰਨ।

ਵੈਂਕਟਾਰਮਨ ਨੇ ਕਿਹਾ ਕਿ ਅਜਿਹਾ ਕੋਈ ਦਸਤੂਰ ਨਹੀਂ ਹੈ ਕਿ ਕਿਸੇ ਮੁਲਾਜ਼ਮ ਦੀ ਸੁਣਵਾਈ ਰਾਸ਼ਟਰਪਤੀ ਕਰੇ।

ਇਸੇ ਦੌਰਾਨ ਸਤਵੰਤ ਸਿੰਘ ਵਲੋਂ ਇੰਡੋ-ਤਿਬਤੀਅਨ ਫੋਰਸ ਦੇ ਸਿਪਾਹੀਆਂ ਵਿਰੁਧ ਜੋ ਕੇਸ ਦਾਇਰ ਕੀਤਾ ਸੀ, ਜੱਜ ਨੇ ਉਸਦੀ ਤਾਰੀਖ 15 ਨਵੰਬਰ ਤੱਕ ਮੁਲਤਵੀ ਕਰ ਦਿੱਤੀ ਹੈ।

## ਪੰਜਾਬ 'ਚ ਚੋਣਾਂ ਦਾ ਅਜੇ ਸਵਾਲ ਹੀ ਨਹੀਂ ਉਠਦਾ — ਬੂਟਾ ਸਿੰਘ

ਨਵੀਂ ਦਿੱਲੀ — ਭਾਰਤ ਦੇ ਗ੍ਰਹਿ ਮੰਤਰੀ ਬੂਟਾ ਸਿੰਘ ਨੇ ਪਾਰਲੀਮੈਂਟ ਵਿਚ ਕਿਹਾ ਕਿ ਜਿਸ ਤਰ੍ਹਾਂ ਦਾ ਦਹਿਸ਼ਤਗਰਦੀ ਦਾ ਮਾਹੌਲ ਪੰਜਾਬ ਵਿਚ ਪੈਦਾ ਹੋ ਗਿਆ ਹੈ, ਅਜਿਹੇ ਹਾਲਤਾਂ ਵਿਚ ਪੰਜਾਬ 'ਚ ਚੋਣਾਂ ਕਰਾਈਆਂ ਜਾਣੀਆਂ ਸੰਭਵ ਨਹੀਂ ਹਨ।

ਗ੍ਰਹਿ ਮੰਤਰੀ ਪੰਜਾਬ 'ਚ ਰਾਸ਼ਟਰਪਤੀ ਰਾਜ ਦੀ ਮਿਆਦ ਹੋਰ ਛੇ ਮਹੀਨੇ ਲਈ ਵਧਾਏ ਜਾਣ ਬਾਰੇ ਬਹਿਸ 'ਚ ਹਿਸਾ ਲੈ ਰਹੇ ਹਨ। ਦੋਵਾਂ ਸਦਨਾਂ ਨੇ 11 ਨਵੰਬਰ ਤੋਂ 11 ਮਈ ਤੱਕ ਰਾਸ਼ਟਰਪਤੀ ਰਾਜ ਦੀ ਮਿਆਦ ਦਾ ਬਿਲ ਪਾਸ ਕਰ ਦਿੱਤਾ।

### ਵਿਰੋਧੀ ਨੇਤਾਵਾਂ ਦਾ ਦੋਸ਼

ਪੰਜਾਬ ਬਾਰੇ ਬਹਿਸ 'ਚ ਹਿਸਾ ਲੈਂਦਿਆਂ ਵਿਰੋਧੀ ਪਾਰਟੀਆਂ ਦੇ ਮੈਂਬਰਾਂ ਨੇ ਕਿਹਾ ਕਿ ਕੇਂਦਰੀ ਸਰਕਾਰ ਪੰਜਾਬ 'ਚ ਹਾਲਾਤ ਸੁਧਾਰਨ ਪ੍ਰਤੀ ਗੰਭੀਰ ਨਹੀਂ ਹੈ ਬੂਟਾ ਸਿੰਘ ਨੇ ਫੜ੍ਹ ਮਾਰੀ ਕਿ ਅੰਮ੍ਰਿਤਸਰ, ਗੁਰਦਾਸਪੁਰ ਤੇ ਫਿਰੋਜ਼ਪੁਰ ਵਿਚ ਸੁਰੱਖਿਆ ਦਸਤਿਆਂ ਨੇ ਪਾਕਿਸਤਾਨ ਤੋਂ ਆ ਰਹੇ ਹਥਿਆਰਾਂ ਨੂੰ ਰੋਕਣ ਵਿਚ ਬੜਾ ਅਹਿਮ ਹਿਸਾ ਪਾਇਆ ਹੈ।

### ਸੋਨੇ ਦਾ ਰੇਟ

539 ਡਾਲਰ ਕੈਨੇਡੀਅਨ (ਇਕ ਔਂਸ)
216 ਡਾਲਰ ਕੈਨੇਡੀਅਨ (ਇਕ ਤੋਲਾ)
186 ਡਾਲਰ ਕੈਨੇਡੀਅਨ (10 ਗ੍ਰਾਮ)
(ਏ. ਸੀ. ਜਿਊਲਰਜ਼ ਦੇ ਧੰਨਵਾਦ ਸਹਿਤ — ਫ਼ੋਨ 588-5808)

### 1000 ਰੁਪਏ ਦਾ ਰੇਟ

85.50 ਕੈਨੇਡੀਅਨ ਡਾਲਰ
(ਸਟੇਟ ਬੈਂਕ ਆਫ਼ ਇੰਡੀਆ ਦੇ ਧੰਨਵਾਦ ਸਹਿਤ — 681-3428)

## 275 ਮੀਟਰ ਉਚੀ ਚਿਮਨੀ

ਬੰਬਈ — ਪਤਾ ਲੱਗਾ ਹੈ ਕਿ ਬੰਬਈ ਦੇ ਲਾਗੇ ਟਰਾਂਬੇ ਵਿਚ ਥਰਮਲ ਬਿਜਲੀ ਘਰ ਵਿਚ ਇਕ ਸੀਮੈਂਟ ਅਤੇ ਕੰਕਰੀਟ ਦੀ ਬਣੀ ਚਿਮਨੀ ਬਣ ਕੇ ਤਿਆਰ ਹੋ ਗਈ ਹੈ। ਇਹ 275 ਮੀਟਰ ਉਚੀ ਚਿਮਨੀ ਬੰਬਈ ਲਈ ਇਕ ਅਜੂਬਾ ਬਣ ਗਈ ਹੈ।


VOTE LIBERAL.

ਵੋਟ ਉਸ ਕੈਨੇਡਾ ਲਈ ਪਾਓ ਜਿਸ ਨੂੰ ਘਰ ਕਹਿਣ ਦੀ ਮਾਣ ਤੁਹਾਨੂੰ ਪ੍ਰਾਪਤ ਹੈ

21 ਨਵੰਬਰ ਨੂੰ ਵੋਟ ਉਨ੍ਹਾਂ ਚੀਜ਼ਾਂ ਲਈ ਪਾਓ ਜੋ ਤੁਹਾਡੇ ਲਈ ਜ਼ਰੂਰੀ ਹਨ

ਵੋਟ ਲਿਬਰਲ ਨੂੰ ਪਾਓ

- **ਪੈਨਸ਼ਨ ਪਲਾਨ 'ਚ ਵਾਧੇ ਲਈ ਵੋਟ ਲਿਬਰਲ ਨੂੰ ਪਾਓ**
  ਲਿਬਰਲ ਸਰਕਾਰ ਕੈਨੇਡਾ/ਕਿਊਬਕ ਪੈਨਸ਼ਨ ਪਲਾਨ ਵਿਚ ਵਾਧਾ ਕਰਕੇ ਘਰਾਂ 'ਚ ਕੰਮ ਕਰਨ ਵਾਲਿਆਂ ਤੇ ਪਹਿਲਾਂ ਰੀਟਾਇਰ ਹੋਣ ਵਾਲਿਆਂ ਨੂੰ ਸ਼ਾਮਲ ਕਰੇਗੀ। ਅਸੀਂ ਤਲਾਕ-ਸ਼ੁਦਾ, ਵੱਖ ਹੋਏ ਤੇ ਇਕੱਲੇ ਰਹਿੰਦੇ ਲੋਕਾਂ ਲਈ 'ਸਪਾਊਜ਼ਲ ਅਲਾਓਂਸ' ਦਿਆਂਗੇ।
- **ਵਾਜਬ ਕੀਮਤਾਂ ਉਤੇ ਘਰ ਲੈਣ ਲਈ ਵੋਟ ਲਿਬਰਲ ਨੂੰ ਪਾਓ**
  ਲਿਬਰਲਾਂ ਦਾ ਵਿਸ਼ਵਾਸ ਹੈ ਕਿ ਘਰ ਦੇ ਖਰਚ ਲਈ 30% ਤੋਂ ਵੱਧ ਆਮਦਨ ਖਰਚ ਨਾ ਹੋਵੇ। ਅਸੀਂ ਨਵਾਂ ਕਾਨੂੰਨ ਬਣਾਕੇ ਕਿਰਾਏਦਾਰਾਂ, ਘਰ ਮਾਲਕਾਂ ਅਤੇ ਪਹਿਲੀ ਵਾਰ ਘਰ ਖ੍ਰੀਦਣ ਵਾਲਿਆਂ ਲਈ ਗੈਰ-ਮੁਨਾਫੇ ਵਾਲੇ ਘਰ ਦਵਾਂਗੇ।
- **ਵਧੀਆ ਇੰਮੀਗਰੇਸ਼ਨ ਪਾਲਿਸੀ ਲਈ ਵੋਟ ਲਿਬਰਲ ਨੂੰ ਪਾਓ**
  ਲਿਬਰਲ ਸਰਕਾਰ ਪ੍ਰਵਾਰਾਂ ਨੂੰ ਮੁੜ ਇਕੱਠੇ ਕਰਨ ਨੂੰ ਪਹਿਲ ਦੇਵੇਗੀ।
- **ਬੱਚਿਆਂ ਦੀ ਸੰਭਾਲ ਤੁਹਾਡੀ ਪਹੁੰਚ, ਲਚਕ ਵਾਲੀ ਤੇ ਵਾਜਬ ਬਨਾਉਣ ਲਈ ਵੋਟ ਲਿਬਰਲ ਨੂੰ ਪਾਓ**
  ਸਾਡਾ ਵਿਸ਼ਵਾਸ ਹੈ ਕਿ ਹਰ ਪ੍ਰਵਾਰ ਜਿਸ ਨੂੰ ਬੱਚਿਆਂ ਦੀ ਸੰਭਾਲ ਦੀ ਲੋੜ ਹੈ, ਉਸ ਦਾ ਹੱਕ ਹੈ। ਕੋਈ ਰਿਆਇਤ ਨਹੀਂ।
- **ਕੰਮਾਂ ਉਤੇ ਟਰੇਨਿੰਗ ਤੇ ਦੁਬਾਰਾ ਸਿਖਲਾਈ ਲਈ ਵੋਟ ਲਿਬਰਲ ਨੂੰ ਪਾਓ**
  ਲਿਬਰਲ ਸਰਕਾਰ ਲੇ-ਆਫ ਹੋਏ ਵਰਕਰਾਂ ਲਈ ਦੁਬਾਰਾ ਸਿਖਲਾਈ ਪ੍ਰੋਗਰਾਮ ਸ਼ੁਰੂ ਕਰੇਗੀ ਤੇ ਨੌਜਵਾਨਾਂ ਲਈ ਕੰਮ ਲੱਭਣ ਲਈ ਕੌਮੀ ਅਪਰੈਂਟਸਸ਼ਿਪ ਪ੍ਰੋਗਰਾਮ ਸ਼ੁਰੂ ਕਰੇਗੀ।
- **ਵਾਜਬ ਟੈਕਸਾਂ ਲਈ ਵੋਟ ਲਿਬਰਲ ਨੂੰ ਪਾਓ**
  ਲਿਬਰਲ ਪਾਰਟੀ ਟੋਰੀਆਂ ਦੀ ਮੱਧ-ਵਰਗੀ ਤੇ ਮਜ਼ਦੂਰ ਜਮਾਤ ਕੋਲੋਂ ਟੈਕਸ-ਵਟੋਰੂ ਪਾਲਸੀ ਖਤਮ ਕਰੇਗੀ। ਵਾਜਬ ਇਨਕਮ ਟੈਕਸ ਹੋਣਗੇ ਤੇ ਮਰੂਨੀ ਦੇ ਯੋਜਨਾਬੱਧ ਲੁਕੇ ਸੇਲਜ਼ ਟੈਕਸ ਜੋ ਹਰ ਚੀਜ਼ 'ਤੇ ਦੇਣਾ ਪੈਂਦਾ ਹੈ ਨੂੰ ਰੋਕੇਗੀ।

ਇਹ ਚੋਣ ਤੋਂ ਵੀ ਵੱਡੀ ਗੱਲ ਹੈ, ਇਹ ਤੁਹਾਡਾ ਭਵਿੱਖ ਹੈ

LIBERAL

21 ਨਵੰਬਰ ਨੂੰ ਵੋਟ ਲਿਬਰਲ ਨੂੰ ਪਾਓ


## ਰਾਮਾਰਾਓ ਸਣੇ ਫਿਲਮੀ ਐਕਟਰਾਂ ਵਲੋਂ ਟੈਕਸ ਦੀ ਨਾ-ਅਦਾਇਗੀ

ਨਵੀਂ ਦਿੱਲੀ — ਭਾਰਤ ਦੀ ਪਾਰਲੀਮੈਂਟ ਵਿਚ ਦੱਸਿਆ ਗਿਆ ਹੈ ਕਿ ਫਿਲਮ ਐਕਟਰ ਤੇ ਆਂਧਰਾ ਪ੍ਰਦੇਸ਼ ਦੇ ਮੁਖ ਮੰਤਰੀ ਐਨ ਟੀ ਰਾਮਾ ਰਾਓ ਤੇ ਦਲੀਪ ਕੁਮਾਰ, ਰਾਜੇਸ਼ ਖੰਨਾ ਸਮੇਤ ਫਿਲਮੀ ਐਕਟਰਾਂ ਵਿਰੁਧ ਕੇਸ ਦਾਇਰ ਕੀਤੇ ਗਏ ਹਨ ਕਿ ਉਨ੍ਹਾਂ ਨੇ 31 ਮਾਰਚ ਤੱਕ ਆਪਣਾ ਟੈਕਸ ਅਦਾ ਨਹੀਂ ਕੀਤਾ।

## ਰਾਜ ਕਪੂਰ ਨੂੰ ਚਿਤਰ-ਪੱਟ ਐਵਾਰਡ



ਬੰਬਈ — ਪਤਾ ਲੱਗਾ ਹੈ ਕਿ ਫਿਲਮ ਇੰਡਸਟਰੀ ਦਾ ਸ੍ਰੇਸ਼ਟ ਐਵਾਰਡ ਚਿਤਰ-ਪੱਟ ਸਵਰਗੀ ਰਾਜ ਕਪੂਰ ਨੂੰ ਦੇਣ ਦਾ ਫੈਸਲਾ ਕੀਤਾ ਗਿਆ ਹੈ। ਨੌਂ ਹੋਰ ਹਸਤੀਆਂ — ਆਗਾ, ਮੁਕਰੀ, ਲਲਿਤਾ ਪਵਾਰ, ਜਾਨਕੀ ਦਾਸ, ਮੁਰਾਦ, ਜੈ ਰਾਜ, ਇਫਤਖਾਰ, ਨਾਦਿਰਾ ਤੇ ਕੇ ਐਨ ਸਿੰਘ ਨੂੰ ਵੀ ਸਨਮਾਨਤ ਕੀਤਾ ਜਾਵੇਗਾ।

# ਸਰੀ ਮਿਉਂਸਪਲ ਇਲੈਕਟਰਜ਼ ਕੀ ਹੈ ?

- ਪਾਰਟੀਆਂ ਦੇ ਝੇੜਿਆਂ ਤੋਂ ਰਹਿਤ, ਸਾਰੀਆਂ ਕਮਿਉਨਿਟੀਆਂ ਦਾ ਸਾਂਝਾ ਪਲੈਟਫਾਰਮ ਜੋ ਮਿਉਂਸਪਲ ਪੱਧਰ ਅਤੇ ਸਕੂਲ ਬੋਰਡ ਵਿਚ ਵਧੀਆ ਸਰਕਾਰ ਮੁਹੱਈਆ ਕਰਦਾ ਹੈ।
- 1975 ਤੋਂ ਇਹ ਗਰੁੱਪ ਸਾਰੀਆਂ ਪਾਰਟੀਆਂ ਨੇ ਰਲਕੇ ਬਣਾਇਆ
- ਇਸ ਦੀ ਚੋਣ ਹਰ ਸਾਲ ਸਾਲਾਨਾ ਮੀਟਿੰਗ ਉਤੇ ਖੁਲ੍ਹੇ ਤੌਰ ਉਤੇ ਹੁੰਦੀ ਹੈ।

# ਚੁਣੇ ਉਮੀਦਵਾਰ ਕੌਣ ਹਨ ?

- ਸਖ਼ਤ ਮਿਹਨਤੀ ਤੇ ਲੋਕ-ਸੇਵਾ ਕਰਨ ਵਾਲੇ
- ਕਮਿਉਨਿਟੀ ਨੂੰ ਵਧੀਆ ਸੇਵਾਵਾਂ ਦੇਣ ਵਾਲੇ ਵਿਅਕਤੀ
- ਪਬਲਿਕ ਫੰਕਸ਼ਨਾਂ ਵਿਚ ਲਗਾਤਾਰ ਸ਼ਾਮਲ ਹੋਣ ਵਾਲੇ
- ਜੋ ਸਰੀ ਦੇ ਲੋਕਾਂ ਦੀ ਪ੍ਰਤੀਨਿਧਤਾ ਕਰਦੇ ਹਨ

# 19 ਨਵੰਬਰ ਸ਼ਨਿਚਰਵਾਰ ਨੂੰ ਵੋਟ ਪਾਉਣਾ ਨਾ ਭੁੱਲੋ

## ਉਸ ਦਿਨ ਵੋਟ ਪਾ ਕੇ ਤੁਸੀਂ

- ਵਧੀਆ ਕੰਮ ਕਰਨ ਵਾਲੇ ਵਿਅਕਤੀ ਚੁਣੋਗੇ
- ਉਹ ਤੁਹਾਡੇ ਇਲਾਕੇ ਨੂੰ ਵਧੀਆ ਬਨਾਉਣਗੇ
- ਉਹ ਤੁਹਾਡੇ ਮਨੋਰੰਜਨ ਵਾਲੀਆਂ ਥਾਵਾਂ ਤੇ ਪ੍ਰੋਗਰਾਮਾਂ ਨੂੰ ਬਿਹਤਰ ਬਨਾਉਣਗੇ
- ਵਧੀਆ ਸਕੂਲਾਂ ਦਾ ਪ੍ਰਬੰਧ ਕਰਨਗੇ



**ਜੈਰੀ ਹਿਊਟ**

6 ਸਾਲ ਤੋਂ ਸਰੀ ਕੌਂਸਲ ਦਾ ਮੈਂਬਰ ਹੈ। ਪਲੈਨਿੰਗ ਕਮੇਟੀ ਦਾ 3 ਸਾਲ ਮੈਂਬਰ ਰਿਹਾ। ਗੰਦੀਆਂ ਕਿਤਾਬਾਂ ਬੰਦ ਕਰਵਾਈਆਂ



**ਗੈਰੀ ਵਾਟਕਿਨਜ਼**

20 ਸਾਲ ਤੋਂ ਸਰੀ ਦੀ ਸੇਵਾ ਕਰ ਰਿਹਾ ਹੈ। 8 ਸਾਲ ਸਕੂਲ ਟਰਸਟੀ ਤੇ 12 ਸਾਲ ਤੋਂ ਐਲਡਰਮੈਨ ਹੈ। ਬਹੁਤੀਆਂ ਕਮੇਟੀਆਂ ਦਾ ਚੇਅਰਮੈਨ



**ਸੁਰਜੀਤ ਕੂਨਰ**

ਬਿਜ਼ਨਿਸ ਮੈਨ ਹੈ ਤੇ ਸਬਸਟੀਚਿਊਟ ਟੀਚਰ ਹੈ। ਬਹੁਸਭਿਆਚਾਰਕ ਫੈਡਰਲ ਮਨਿਸਟਰੀ 'ਚ ਸਲਾਹਕਾਰ ਕਮੇਟੀ ਦਾ ਮੈਂਬਰ ਰਿਹਾ ਹੈ।



**ਕੈਰਲ ਕਰ**

3 ਸਾਲ ਤੋਂ ਐਲਡਰਮੈਨ ਹੈ। ਪੁਲਸ ਕਮੇਟੀ ਦੀ ਚੇਅਰਮੈਨ ਹੈ। ਚੈਂਬਰ ਆਫ ਕਾਮਰਸ ਦੀ ਸਾਬਕਾ ਪ੍ਰਧਾਨ ਹੈ।

# ਦੀਵਾਲੀ ਮੁਬਾਰਕ

# ਸਕੂਲ ਬੋਰਡ ਲਈ

## ਡੋਰੀਨ ਬੀਨਰ, ਕੈਨ ਬੂਥ, ਲੌਰੀ ਮਕਨੈਲੀ, ਜੌਸਿਫ਼ ਬਰਾਊਨ ਨੂੰ ਚੁਣੋ

## ਤੇ

## ਆਪਣੇ ਬੱਚਿਆਂ ਦੀ ਵਿਦਿਆ ਦੀ ਪ੍ਰਫੁਲਤਾ ਯਕੀਨੀ ਬਣਾਓ



**ਡੋਰੀਨ ਬੀਨਰ**

4 ਸਾਲ ਤੋਂ ਸਕੂਲ ਬੋਰਡ ਦੀ ਮੈਂਬਰ, ਸਕੂਲ ਬੋਰਡ ਦੀਆਂ ਕਮੇਟੀਆਂ ਦੀ ਵਾਈਸ-ਚੇਅਰਮੈਨ



**ਕੈਨ ਬੂਥ**

7 ਸਾਲ ਤੋਂ ਸਕੂਲ ਬੋਰਡ ਦਾ ਮੈਂਬਰ ਹੈ ਤੇ ਵਾਈਸ ਚੇਅਰਮੈਨ ਹੈ। ਮੈਨੇਜਮੈਂਟ ਵਿਚ ਨਿਪੁੰਨ ਹੈ।



**ਜੌਸਿਫ ਬਰਾਊਨ**

ਫਰੇਜ਼ਰ ਲੇਕ ਵਿਚ 2 ਸਾਲ ਐਲਡਰਮੈਨ ਰਿਹਾ। ਬਾਲਗ ਵਿਦਿਆ ਦਾ ਟੀਚਰ ਹੈ।



**ਲੌਰੀ ਮਕਨੈਲੀ**

8 ਸਾਲ ਤੋਂ ਸਕੂਲ ਬੋਰਡ ਦੀ ਮੈਂਬਰ ਹੈ ਤੇ ਬੋਰਡ ਦੀ ਚੇਅਰਮੈਨ ਹੈ।

## ਪਾਕਿਸਤਾਨੀ ਚੋਣਾਂ ਵਿਚ ਵੋਟ ਕੌਣ ਪਾਵੇ?

ਇਸਲਾਮਾਬਾਦ — ਖਬਰ ਹੈ ਕਿ ਪਾਕਿਸਤਾਨ ਵਿਚ 16 ਨਵੰਬਰ ਨੂੰ ਹੋਣ ਵਾਲੀਆਂ ਚੋਣਾਂ ਵਿਚ ਉਸ ਵੇਲੇ ਇਕ ਮੁਸ਼ਕਲ ਖੜੀ ਹੋ ਗਈ ਜਦੋਂ ਪਾਕਿਸਤਾਨ ਦੇ ਪ੍ਰਧਾਨ ਇਸ਼ਾਕ ਮੁਹੰਮਦ ਖਾਂ ਨੇ ਹਰ ਵੋਟਰ ਲਈ ਸ਼ਨਾਖਤੀ ਕਾਰਡ ਜਾਰੀ ਕਰਨ ਦਾ ਐਲਾਨ ਕੀਤਾ।

ਪਾਕਿਸਤਾਨ ਦੀ ਮੁਖ ਵਿਰੋਧੀ ਪੀਪਲਜ਼ ਪਾਰਟੀ ਵਲੋਂ ਲਾਹੌਰ ਹਾਈਕੋਰਟ ਵਿਚ ਇਕ ਅਰਜ਼ੀ ਦਿੱਤੀ ਜਿਸ ਵਿਚ ਸ਼ਨਾਖਤੀ ਕਾਰਡ ਜਾਰੀ ਕਰਨ ਨੂੰ ਗੈਰ ਵਿਧਾਨਕ ਕਿਹਾ ਗਿਆ। ਪਾਕਿਸਤਾਨ ਦੇ ਚੋਣ ਵਿਧਾਨ ਵਿਚ ਹਰ ਉਸ ਵਿਅਕਤੀ ਨੂੰ ਵੋਟ ਦਾ ਹੱਕ ਹੈ ਜਿਸ ਦਾ ਨਾਂ ਵੋਟਰ ਸੂਚੀ ਵਿਚ ਦਰਜ ਹੈ।

ਹਾਈਕੋਰਟ ਨੇ ਸਰਕਾਰ ਨੂੰ ਅਰਜ਼ੀ ਦੀ ਸੁਣਵਾਈ ਤੋਂ ਪਿਛੋਂ ਮਸ਼ਵਰਾ ਦਿੱਤਾ ਕਿ ਉਹ ਇਸ ਸ਼ਰਤ ਨੂੰ ਨਰਮ ਕਰ ਦੇਵੇ। ਵਿਰੋਧੀ ਪਾਰਟੀ ਦਾ ਦੋਸ਼ ਸੀ ਕਿ ਹਾਕਮ ਮੁਸਲਮ ਲੀਗ ਵਾਲੇ ਵਿਰੋਧੀ ਲੋਕਾਂ ਨੂੰ ਸ਼ਨਾਖਤੀ ਕਾਰਡ ਜਾਰੀ ਨਹੀਂ ਹੋਣ ਦੇਣਗੇ ਅਤੇ ਜਾਅਲੀ ਵੋਟਰਾਂ ਨੂੰ ਸ਼ਨਾਖਤੀ ਕਾਰਡ ਦੇ ਕੇ ਭੁਗਤਾਉਣਗੇ। ਜਦੋਂ ਕਿ ਸਰਕਾਰ ਦਾ ਕਹਿਣਾ ਹੈ ਕਿ ਸ਼ਨਾਖਤੀ ਕਾਰਡ ਗਲਤ ਵੋਟਾਂ ਭੁਗਤਣ ਤੋਂ ਰੋਕਣ ਲਈ ਕੀਤਾ ਗਿਆ ਹੈ।

ਅੱਜ ਇਸ ਮੁਸ਼ਕਲ ਵਿਚ ਇਕ ਹੋਰ ਮੁਸ਼ਕਲ ਖੜੀ ਹੋ ਗਈ ਜਦੋਂ ਪ੍ਰਧਾਨ ਨੇ ਇਕ ਆਰਡੀਨੈਂਸ ਜਾਰੀ ਕਰਕੇ ਸ਼ਨਾਖਤੀ ਕਾਰਡ ਦੀ ਸ਼ਰਤ ਲਾਜ਼ਮੀ ਬਣਾ ਦਿੱਤੀ। ਇਸ ਤਰ੍ਹਾਂ ਰਾਜ ਪ੍ਰਬੰਧ ਅਤੇ ਅਦਾਲਤ ਵਿਚਕਾਰ ਇਕ ਟੱਕਰ ਦੀ ਹਾਲਤ ਬਣ ਗਈ ਹੈ।

ਕਿਹਾ ਜਾਂਦਾ ਹੈ ਕਿ ਜੋ ਵੀ ਚੋਣਾਂ ਵਿਚ ਜਿਤੇਗਾ ਦੂਜੀ ਧਿਰ ਉਪਰ ਚੋਣਾਂ ਵਿਚ ਹੇਰਾਫੇਰੀ ਕਰਨ ਦਾ ਦੋਸ਼ ਲਾਵੇਗਾ ਜਿਸ ਨਾਲ ਫਸਾਦ ਵੀ ਹੋ ਸਕਦੇ ਹਨ ਅਤੇ ਚੋਣਾਂ ਵੀ ਖੱਟੇ ਵਿਚ ਪੈ ਸਕਦੀਆਂ ਹਨ।

## ਅਫਗਾਨਿਸਤਾਨ ਵੱਲ ਉਡਾਨ ਤੋਂ ਪਾਈਲਟ ਡਰ ਰਹੇ ਹਨ

ਨਵੀਂ ਦਿੱਲੀ — ਪਤਾ ਲੱਗਾ ਹੈ ਕਿ ਭਾਰਤ ਦੇ ਏਅਰ ਇੰਡੀਆ ਦੇ ਪਾਈਲਟਾਂ ਨੇ ਸਰਕਾਰ ਨੂੰ ਸੂਚਿਤ ਕਰ ਦਿੱਤਾ ਹੈ ਕਿ ਉਹ ਅਫਗਾਨਸਤਾਨ ਨੂੰ ਉਡਾਨ ਨਹੀਂ ਕਰਨਗੇ। ਉਨ੍ਹਾਂ ਨੇ ਕਿਹਾ ਹੈ ਕਿ ਅਕਤੂਬਰ ਵਿਚ 737 ਬੋਇੰਗ ਜਹਾਜ਼ ਉਪਰ ਅਫਗਾਨ ਭਗੌੜਿਆਂ ਨੇ ਮਿਜ਼ਾਈਲ ਦਾਗੇ ਸਨ ਪਰ ਜਹਾਜ਼ ਮਾਰ ਤੋਂ ਬਚ ਗਿਆ।

ਇਹ ਵੀ ਖਬਰ ਹੈ ਕਿ ਕਾਬਲ ਦੇ ਦੁਆਲੇ ਵਿਦਰੋਹੀ ਲਗਾਤਾਰ ਹਮਲੇ ਕਰ ਰਹੇ ਹਨ ਜਿਸ ਦੇ ਕਾਰਨ ਏਅਰ ਇੰਡੀਆ ਦੇ ਪਾਈਲਟ ਜਹਾਜ਼ਾਂ ਨੂੰ ਸੁਰੱਖਿਅਤ ਨਹੀਂ ਸਮਝ ਰਹੇ।

## ਮੁਗਸੀਅਸ਼ ਦੇ ਪ੍ਰਧਾਨ ਮੰਤਰੀ ਉਤੇ ਹਮਲਾ

ਮੁਗਸੀਅਸ਼ — ਖਬਰ ਹੈ ਕਿ ਮੁਗਸੀਅਸ਼ ਦੇ ਪ੍ਰਧਾਨ ਮੰਤਰੀ ਸਰ ਅਨੂਰੁੱਧ ਜਗਨਾਥ ਉਪਰ ਇਕ ਮੰਦਰ ਵਿਚ ਕਾਤਲਾਨਾ ਹਮਲਾ ਕੀਤਾ ਗਿਆ ਹੈ। ਹਮਲੇ ਵਿਚ ਉਹ ਵਾਲ ਵਾਲ ਬਚ ਗਏ। ਇਥੇ 13 ਲੱਖ ਲੋਕਾਂ ਵਿਚੋਂ ਅੱਧੇ ਤੋਂ ਬਹੁਤੇ ਭਾਰਤੀ ਹਨ।

ਪਤਾ ਲੱਗਾ ਹੈ ਕਿ ਇਕ ਆਰੀਆ ਸਮਾਜੀ ਮੰਦਰ ਵਿਚ ਮੰਦਰ ਦੇ ਪੁਜਾਰੀ ਨੇ ਪ੍ਰਧਾਨ ਮੰਤਰੀ ਉਪਰ ਪਿਸਤੌਲ ਨਾਲ ਗੋਲੀਆਂ ਚਲਾ ਦਿੱਤੀਆਂ। ਉਨ੍ਹਾਂ ਦਾ ਬਾਡੀਗਾਰਡ ਜ਼ਖਮੀ ਹੋ ਗਿਆ ਦਸਿਆ ਗਿਆ। 1680 ਤੱਕ ਇਸ ਟਾਪੂ ਵਿਚ ਕੋਈ ਵੀ ਨਹੀਂ ਰਹਿੰਦਾ ਸੀ। ਪਰ ਹਾਲੈਂਡ ਦੇ ਡੱਚ ਲੋਕਾਂ ਨੇ ਆ ਕੇ ਇਸ ਉਪਰ ਕਬਜ਼ਾ ਕਰ ਲਿਆ। ਉਹ ਏਥੇ ਗੰਨਾ ਪੈਦਾ ਕਰਨ ਲੱਗੇ। ਡੱਚਾਂ ਤੋਂ ਪਿਛੋਂ ਇਥੇ ਫਰਾਂਸ ਅਤੇ ਫਿਰ ਅੰਗਰੇਜ਼ਾਂ ਦਾ ਰਾਜ ਰਿਹਾ। ਜਿੰਨ੍ਹਾਂ ਭਾਰਤੀ ਲੋਕਾਂ ਨੂੰ ਜਹਾਜ਼ਾਂ ਉਪਰ ਲੱਦਕੇ ਕੰਮ ਕਰਨ ਲਈ ਏਥੇ ਲਿਆਂਦਾ।

## ਬਟਾਲਾ ਵਿਚ ਕਰਫਿਊ ਵਿਚ ਢਿੱਲ

ਬਟਾਲਾ — ਖਬਰ ਹੈ ਕਿ ਪਿਛਲੇ ਦਿਨੀਂ ਜਦੋਂ ਖਾਲਿਸਤਾਨੀ ਅਤਿਵਾਦੀਆਂ ਨੇ ਬਟਾਲਾ ਵਿਚ ਅੰਨ੍ਹਾ ਧੁੰਦ ਗੋਲੀਆਂ ਚਲਾ ਕੇ 9 ਵਿਅਕਤੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ ਤਾਂ ਉਥੇ ਕਰਫੀਊ ਲਗਾ ਦਿੱਤਾ ਗਿਆ ਸੀ। ਪਤਾ ਲੱਗਾ ਹੈ ਕਿ ਅਧਿਕਾਰੀਆਂ ਨੇ ਹੁਣ ਉਥੇ ਕਰਫੀਊ ਵਿਚ ਢਿੱਲ ਦਿੱਤੀ ਹੈ ਤਾਂ ਜੋ ਲੋਕ ਖਾਣ ਪੀਣ ਦੀਆਂ ਚੀਜ਼ਾਂ ਖਰੀਦ ਸਕਣ। ਪਹਿਲਾਂ ਵੀ ਕਈ ਵਾਰ ਬਟਾਲਾ ਵਿਚ ਸ਼ੁਕਰਵਾਰ ਦੇ ਦਿਨ ਕਤਲੋਗਾਰਤ ਤੇ ਲੁੱਟਮਾਰ ਹੁੰਦੀ ਰਹੀ ਹੈ।

## ਅਤਿਵਾਦੀ ਪਰਮਜੀਤ ਪੁਲਸ ਮੁਕਾਬਲੇ ਵਿਚ ਮਾਰਿਆ ਗਿਆ

ਫਰੀਦਕੋਟ — ਖਬਰ ਹੈ ਕਿ ਏਥੋਂ ਥੋੜ੍ਹੀ ਦੂਰ ਇਕ ਪੁਲ ਦੇ ਲਾਗੇ ਪੁਲਸ ਮੁਕਾਬਲੇ ਵਿਚ ਇਕ ਅਤਿਵਾਦੀ ਪਰਮਜੀਤ ਸਿੰਘ ਮਾਰਿਆ ਗਿਆ। ਇਸ ਨੂੰ ਬੜਾ ਖਤਰਨਾਕ ਦੱਸਿਆ ਜਾਂਦਾ ਸੀ। ਇਸ ਤੋਂ ਬਿਨਾਂ ਹੋਰਾਂ ਥਾਵਾਂ ਉਪਰ ਵੀ ਇਕ ਹੋਮ ਗਾਰਡ ਅਤੇ ਇਸਤਰੀ ਸਮੇਤ ਚਾਰ ਹੋਰ ਵਿਅਕਤੀ ਵੀ ਏਸੇ ਦਿਨ ਮਾਰੇ ਗਏ। ਸੰਗਰੂਰ ਜ਼ਿਲੇ ਵਿਚ ਇਕ ਵਿਅਕਤੀ ਦੀ ਗੋਲੀ ਨਾਲ ਛਾਣਨੀ ਹੋਈ ਲਾਸ਼ ਮਿਲੀ।

## ਪਾਕਿਸਤਾਨ ਵਿਚ ਚੋਣਾਂ ਸਮੇਂ ਫੌਜ ਦਾ ਪ੍ਰਬੰਧ

ਲਾਹੌਰ — ਪਤਾ ਲੱਗਾ ਹੈ ਕਿ ਪਾਕਿਸਤਾਨ ਸਰਕਾਰ ਨੇ 16 ਨਵੰਬਰ ਨੂੰ ਚੋਣਾਂ ਸਮੇਂ ਪੋਲਿੰਗਾਂ ਉਪਰ ਫੌਜ ਨੂੰ ਨਿਯੁਕਤ ਕਰਨ ਦਾ ਐਲਾਨ ਕੀਤਾ ਹੈ ਕਿਹਾ ਗਿਆ ਹੈ ਕਿ ਅਜਿਹਾ ਕਿਸੇ ਝਗੜੇ ਨੂੰ ਰੋਕਣ ਲਈ ਕੀਤਾ ਗਿਆ ਹੈ।

ਪਾਕਿਸਤਾਨ ਦੀਆਂ ਚੋਣਾਂ ਵਿਚ ਲਾਹੌਰ ਹਾਈਕੋਰਟ ਨੇ ਸਰਕਾਰ ਦੀ ਸ਼ਨਾਖਤੀ ਕਾਰਨ ਦੀ ਥਾਂ ਕੋਈ ਵੀ ਸ਼ਨਾਖਤੀ ਕਾਗਜ਼ ਦਿਖਾਉਣ ਦਾ ਹੁਕਮ ਜਾਰੀ ਕਰ ਦਿੱਤਾ ਹੈ। ਜਿਸ ਉਤੇ ਵਿਰੋਧੀ ਪਾਰਟੀਆਂ ਅਤੇ ਲੋਕ ਤਸੱਲੀ ਪ੍ਰਗਟ ਕਰ ਰਹੇ ਹਨ ਇਹ ਵੱਡੇ ਝਗੜੇ ਦਾ ਕਾਰਨ ਬਣ ਸਕਦਾ ਸੀ।

## ਇੰਦਰਾ ਕਾਤਲਾਂ ਦੀ ਫਾਂਸੀ ਤੀਜੀ ਵਾਰ ਮੁਲਤਵੀ

ਨਵੀਂ ਦਿੱਲੀ — ਪਤਾ ਲੱਗਾ ਹੈ ਕਿ ਭਾਰਤ ਦੀ ਸੁਪਰੀਮ ਕੋਰਟ ਨੇ ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਾਤਲਾਂ ਸਤਵੰਤ ਸਿੰਘ ਅਤੇ ਕੇਹਰ ਸਿੰਘ ਦੀ ਫਾਂਸੀ ਦੀ ਮਿਤੀ ਤੀਜੀ ਵਾਰ ਅਗੇ ਪਾ ਦਿੱਤੀ ਹੈ। ਇਸ ਵਾਰ ਅਜਿਹਾ ਇਸ ਲਈ ਕੀਤਾ ਗਿਆ ਕਿ ਪਿਛਲੇ ਦਿਨਾਂ ਵਿਚ ਕਾਤਲ ਸਤਵੰਤ ਸਿੰਘ ਨੇ ਇਕ ਅਰਜ਼ੀ ਦਿੱਤੀ ਸੀ ਜਿਸ ਵਿਚ ਦੋ ਸੁਰੱਖਿਆ ਅਧਿਕਾਰੀਆਂ ਉਪਰ ਦੋਸ਼ ਲਾਇਆ ਸੀ ਕਿ ਉਨ੍ਹਾਂ ਇੰਦਰਾ ਦੇ ਕਤਲ ਸਮੇਂ ਉਨ੍ਹਾਂ ਨੂੰ ਕਤਲ ਕਰਨ ਦੀ ਕੋਸ਼ਿਸ਼ ਕੀਤੀ ਸੀ। ਯਾਦ ਰਹੇ ਜਿਸ ਸਮੇਂ ਇੰਦਰਾ ਗਾਂਧੀ ਨੂੰ ਗੋਲੀਆਂ ਮਾਰਕੇ ਕਤਲ ਕਰ ਦਿੱਤਾ ਗਿਆ ਸੀ ਤਾਂ ਦੂਜੇ ਗਾਰਡਾਂ ਨੇ ਬੇਅੰਤ ਸਿੰਘ ਨੂੰ ਗੁੱਸੇ ਵਿਚ ਥਾਏਂ ਹੀ ਕਤਲ ਕਰ ਦਿੱਤਾ ਸੀ ਅਤੇ ਸਤਵੰਤ ਸਿੰਘ ਉਸ ਸਮੇਂ ਜ਼ਖਮੀ ਹੋ ਗਿਆ ਸੀ।

## ਪੰਜਾਬ ਵਿਚ ਰਾਸ਼ਟਰਪਤੀ ਰਾਜ ਛੇ ਮਹੀਨਿਆਂ ਲਈ ਹੋਰ

ਨਵੀਂ ਦਿੱਲੀ — ਪਾਰਲੀਮੈਂਟ ਦੇ ਦੋ ਨਵੰਬਰ ਨੂੰ ਸ਼ੁਰੂ ਹੋਏ ਅਜਲਾਸ ਵਿਚ ਗ੍ਰਹਿ ਮੰਤਰੀ ਸ੍ਰੀ ਬੂਟਾ ਸਿੰਘ ਨੇ ਰਾਜ ਸਭਾ ਵਿਚ ਇਕ ਬਿੱਲ ਪੇਸ਼ ਕਰਕੇ, ਪੰਜਾਬ ਵਿਚ ਰਾਸ਼ਟਰਪਤੀ ਰਾਜ ਵਿਚ ਹੋਰ ਛੇ ਮਹੀਨੇ ਦੇ ਵਾਧੇ ਦੀ ਮੰਗ ਕੀਤੀ, ਜੋ ਕਿ ਪਰਵਾਨ ਹੋ ਗਈ। ਏਸੇ ਤਰ੍ਹਾਂ ਦਾ ਇਕ ਮਤਾ ਉਪ ਗ੍ਰਹਿ ਮੰਤਰੀ ਸ੍ਰੀ ਚੰਦਮਬਰਮ ਨੇ ਲੋਕ ਸਭਾ ਵਿਚ ਪੇਸ਼ ਕੀਤਾ। ਇਹ ਵੀ ਦੱਸਿਆ ਗਿਆ ਹੈ ਕਿ ਪੰਜਾਬ ਵਿਚ ਹਾਲਤ ਆਮ ਵਰਗੇ ਹੋਣ ਉਤੇ ਚੋਣਾਂ ਕਰਵਾਈਆਂ ਜਾਣਗੀਆਂ।

## ਚੀਨ ਵਿਚ ਭੁਚਾਲ — ਛੇ ਸੌ ਮਾਰੇ ਗਏ

ਪੀਕਿੰਗ — ਖਬਰ ਹੈ ਕਿ ਚੀਨ-ਬਰਮਾ ਸੀਮਾਂ ਦੇ ਲਾਗੇ ਇਕ ਜ਼ਬਰਦਸਤ ਭੁਚਾਲ ਆਇਆ ਹੈ ਜਿਸ ਦਾ ਕੇਂਦਰ ਚੀਨ ਦੇ ਯੀਨਾਨ ਸੂਬੇ ਵਿਚ ਹੈ। ਇਸ ਭੁਚਾਲ ਦੀ ਸ਼ਕਤੀ 7.6 ਰਿਚਰ ਸਕੇਲ ਸੀ। ਇਸ ਨਾਲ ਸੜਕਾਂ ਟੁੱਟ ਗਈਆਂ, ਘਰ ਢਹਿ ਗਏ। ਪਤਾ ਲੱਗਾ ਹੈ ਕਿ ਇਸ ਵਿਚ ਛੇ ਸੌ ਤੋਂ ਵੱਧ ਲੋਕ ਮਾਰੇ ਗਏ। ਚੀਨ ਦੀ ਖਬਰ ਏਜੰਸੀ ਨੇ ਖਬਰ ਦਿੱਤੀ ਹੈ ਕਿ ਸਹਾਇਤਾ ਦਾ ਕੰਮ ਵੱਡੀ ਪੱਧਰ ਉਪਰ ਜਾਰੀ ਹੈ।


ਨਵੰਬਰ 21 ਨੂੰ ਤੁਹਾਡਾ ਉਮੀਦਵਾਰ

# ਡੌਨ ਰੌਸ

LIBERAL
Surrey North



ਡੌਨ ਰੌਸ ਨੇ ਤੁਹਾਡੀ ਮੇਅਰ ਵਜੋਂ ਵਧੀਆ ਸੇਵਾ ਕੀਤੀ ਹੈ।

ਹੁਣ ਉਹ ਅਟਵਾ ਵਿਚ ਤੁਹਾਡੇ ਪਾਰਲੀਮੈਂਟ ਮੈਂਬਰ ਵਜੋਂ ਵੀ ਵਧੀਆ ਸੇਵਾ ਕਰੇਗਾ

ਇਹ ਕੇਵਲ ਚੋਣ ਹੀ ਨਹੀਂ ...

**ਤੁਹਾਡਾ ਭਵਿੱਖ ਹੈ !**

**PHONE 583-4090**

Approved by Fred McKave, official agent to Don Ross

# CIVIC NEW DEMOCRATS

19 ਨਵੰਬਰ
ਨੂੰ
ਵੋਟ ਪਾਉਣਾ
ਨਾ
ਭੁੱਲੋ

ਇਨ੍ਹਾਂ ਉਮੀਦਵਾਰਾਂ
ਨੂੰ
ਵੋਟ ਨਾਲ

- ਵਾਜਬ ਸੇਵਾਵਾਂ — ਵਾਜਬ ਟੈਕਸ
- ਵਾਰਡਾਂ ਦੇ ਆਧਾਰ ਉਤੇ ਵੋਟਾਂ
- ਸ਼ਹਿਰ ਵਿਚ ਕੰਮ ਕਰਨ ਵਾਲੇ ਪ੍ਰਵਾਰਾਂ ਲਈ ਚੰਗੇ ਘਰ
- ਸਵੀਟਾਂ ਨੂੰ ਕਾਨੂੰਨੀ ਕਰਾਰ ਦੇਣ ਲਈ

ਯਕੀਨੀ ਬਣਾਓ

ਵਾਲੰਟੀਅਰ
ਤੌਰ ਉਤੇ
ਕੰਮ ਕਰਨ ਲਈ
ਫੋਨ ਕਰੋ :



Sandra Brouno Ian Reid Linda Ervin David Levi Adrienne Peacock

ਕੰਪੇਨ ਆਫਿਸ
545 E. Broadway
Ph. 874-1165

## A City Council
## You can count on




Anne Beer Les Martlew Jean McMurdo Gerry Brown

## A School Board
## You can count on




Michael McEvoy Charlotte Beresford Dareyl Nelson

## A Park Board
## You can count on

**The Canada Darpan**

**P.O.BOX 265**
**Surrey, B.C. V3T 4W8**

'ਕੈਨੇਡਾ ਦਰਪਣ' ਵਿਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਂਵਾਰ ਹਨ । ਪਬਲਿਸ਼ਰ ਦਾ ਉਹਨਾਂ ਵਿਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ।

**Ph. 581-4473**

# ਆਪਣੇ ਨਾਲ ਹੀ ਦੁਸ਼ਮਣੀ ?

ਸਾਨੂੰ ਬੜੇ ਅਫਸੋਸ ਨਾਲ ਲਿਖਣਾ ਪੈ ਰਿਹਾ ਹੈ ਕਿ ਕੈਨੇਡਾ ਵਿਚ ਰਹਿਣ ਵਾਲੇ ਸਾਡੇ ਲੋਕ ਆਪਣੇ ਆਪ ਨਾਲ ਹੀ ਦੁਸ਼ਮਣੀ ਕਿਉਂ ਕਰ ਰਹੇ ਹਨ ? ਦੁਸ਼ਮਣ ਹਮੇਸ਼ਾ ਹੀ ਨੁਕਸਾਨ ਪਹੁੰਚਾਉਂਦਾ ਹੈ ਜੇ ਤੁਸੀਂ ਆਪਣੇ ਆਪ ਨੂੰ ਹੀ ਨੁਕਸਾਨ ਪਹੁੰਚਾਵੋਗੇ ਤਾਂ ਤੁਸੀਂ ਆਪਣੇ ਦੁਸ਼ਮਣ ਆਪ ਹੀ ਹੋਵੋਗੇ। ਤੁਸੀਂ ਸੋਚਦੇ ਹੋਵੋਗੇ ਕਿ ਇਹੋ ਜਿਹੀ ਕਿਹੜੀ ਗੱਲ ਕੀਤੀ ਹੈ ਜੋ ਆਪਣੇ ਨੁਕਸਾਨ ਵਾਲੀ ਕਰ ਲਈ ਹੈ ।

ਅਸੀਂ ਆਪਣੇ ਪੰਨਿਆਂ ਨੂੰ ਲੋਕਾਂ ਦੇ ਲਾਭਾਂ ਲਈ ਵਰਤਦੇ ਹਾਂ । ਅਸੀਂ 'ਕੈਨੇਡਾ ਦਰਪਣ' ਦੇ ਹਰ ਪੰਨੇ ਨੂੰ ਕੀਮਤੀ ਸਮਝਦੇ ਹਾਂ ਜੋ ਲੋਕਾਂ ਨੂੰ ਚੰਗੀ ਖਬਰ ਦੇਵੇ । ਲੋਕਾਂ ਦੀ ਸੂਝ ਬੂਝ ਨੂੰ ਨਿਖਾਰੇ । ਲੋਕਾਂ ਦੇ ਲਾਭਾਂ ਲਈ ਯੋਗ ਜਾਣਕਾਰੀ ਦੇਣ ਲਈ ਅਸੀਂ ਅਨੇਕਾਂ ਲੇਖ ਛਾਪਦੇ ਰਹਿੰਦੇ ਹਾਂ । ਇਨ੍ਹਾਂ ਲੇਖਾਂ ਵਿਚ ਕੈਨੇਡਾ ਵਿਚ ਉਨ੍ਹਾਂ ਸਵਾਲਾਂ ਉਪਰ ਵਿਚਾਰ ਕੀਤੀ ਜਾਂਦੀ ਰਹਿੰਦੀ ਹੈ ਜੋ ਸਾਡੇ ਲੋਕਾਂ ਨੂੰ ਸਿੱਧੇ ਤੌਰ ਉਤੇ ਪ੍ਰਭਾਵਤ ਕਰਦੇ ਹਨ ।

ਅਸੀਂ ਇਹ ਸਤਰਾਂ ਦੁੱਖ ਨਾਲ ਲਿਖ ਰਹੇ ਹਾਂ ਕਿ ਵੈਨਕੂਵਰ ਵਿਚ ਬੇਸਮੈਂਟਾਂ ਦਾ ਸਵਾਲ ਹਰ ਘਰ ਵਾਲੇ ਅਤੇ ਹਰ ਕਿਰਾਏਦਾਰ ਨਾਲ ਸੰਬੰਧਿਤ ਸੀ। ਜਿਸ ਦੇ ਸੰਬੰਧ ਵਿਚ 19 ਨਵੰਬਰ ਨੂੰ ਹੋ ਰਹੀਆਂ ਚੋਣਾਂ ਵਿਚ ਰਾਇਸ਼ੁਮਾਰੀ (ਰੈਫਰੈਂਡਮ) ਕਰਵਾਈ ਜਾ ਰਹੀ ਹੈ ਕਿ ਤੁਸੀਂ ਬੇਸਮੈਂਟਾਂ ਵਿਚ ਰਹਿਣ ਦੀ ਕਾਨੂੰਨੀ ਆਗਿਆ ਚਾਹੁੰਦੇ ਹੋ ? ਸਾਨੂੰ ਪਤਾ, ਤੁਹਾਨੂੰ ਪਤਾ ਕਿ ਹਰ ਕੋਈ ਚਾਹੁੰਦਾ ਹੈ। ਇਸ ਬਾਰੇ ਜਾਣਕਾਰੀ ਦੇਣ ਲਈ ਪਹਿਲੀ ਅਤੇ ਸੱਤ ਨਵੰਬਰ ਨੂੰ ਜੋ ਸਿਟੀ ਕੌਂਸਲ ਨੇ ਮੀਟਿੰਗ ਕੀਤੀ, ਉਨ੍ਹਾਂ ਸੰਬੰਧੀ ਹਰ ਘਰ ਨੂੰ ਚਿੱਠੀਆਂ ਲਿਖੀਆਂ, ਤੁਸੀਂ ਕਿਸੇ ਨੇ ਵੀ ਅਹਿਸਾਸ ਨਹੀਂ ਕੀਤਾ ਕਿ ਉਸ ਵਿਚ ਜਾਣਾ ਚਾਹੀਦਾ ਹੈ ? ਤੁਸੀਂ ਉਸ ਕਹਾਣੀ ਵਾਂਗ ਜਿਸ ਵਿਚ ਦੁੱਧ ਇਕੱਠਾ ਕਰਨ ਦੀ ਗੱਲ ਹੈ, ਹਰ ਕੋਈ ਪਾਣੀ ਹੀ ਪਾ ਆਇਆ ਸੀ, ਉਸ ਤਰ੍ਹਾਂ ਹੀ ਕੀਤੀ। ਪਹਿਲੀ ਨਵੰਬਰ ਦੀ ਮੀਟਿੰਗ ਵਿਚ ਪੰਜ, ਦੂਜੀ ਮੀਟਿੰਗ ਵਿਚ ਕੁਲ ਸੱਤ ਸਾਡੇ ਬੰਦੇ ਹਾਜ਼ਰ ਹੋਏ। ਇਹ ਕਿਸ ਤਰ੍ਹਾਂ ਦੀ ਲਾਪਰਵਾਹੀ ਹੈ ਕਿ ਕੋਈ ਹੋਰ ਹੀ ਤੁਹਾਡੇ ਲਈ ਉਥੇ ਚਲਿਆ ਜਾਵੇਗਾ ।

ਇਸ ਸਬੰਧੀ ਵੈਨਕੂਵਰ ਦੇ ਦੋਵੇਂ ਗੁਰਦੁਆਰਿਆਂ ਦੀਆਂ ਕਮੇਟੀਆਂ ਦੇ ਬੰਦੇ ਵੀ ਜ਼ਿਮੇਵਾਰੀ ਤੋਂ ਭੱਜ ਨਹੀਂ ਸਕਦੇ, ਜਿਨ੍ਹਾਂ ਲੋਕਾਂ ਨੂੰ ਉਥੇ ਜਾਣ ਦੀ ਪਰੇਰਨਾ ਨਹੀਂ ਦਿੱਤੀ । ਇਹ ਠੀਕ ਹੈ ਕਮੇਟੀਆਂ ਦੇ ਸ਼ਾਇਦ ਬਹੁਤਿਆਂ ਅਧਿਕਾਰੀਆਂ ਨੂੰ ਬੇਸਮੈਂਟ ਵਿਚ ਰਹਿਣ ਦੀ ਜਾਂ ਕਿਰਾਏ ਉਤੇ ਦੇਣ ਦੀ ਲੋੜ ਨਾ ਹੋਵੇ । ਪਰ ਉਨ੍ਹਾਂ ਨੂੰ ਇਹ ਤਾਂ ਪਤਾ ਹੈ ਕਿ ਗੁਰਦੁਆਰੇ ਆਉਣ ਵਾਲੇ ਸੈਂਕੜੇ-ਹਜ਼ਾਰਾਂ ਲੋਕ ਬੇਸਮੈਂਟਾਂ ਵਿਚ ਰਹਿੰਦੇ ਹਨ ਜਾਂ ਫਿਰ ਬੇਸਮੈਂਟਾਂ ਨੂੰ ਕਿਰਾਏ ਉਪਰ ਦਿੱਤਾ ਹੋਇਆ, ਜਿਸ ਨਾਲ ਉਹ ਕਿਸ਼ਤਾਂ ਤੋਰਦੇ ਹਨ । ਹੋਰ ਵੀ ਦੁੱਖ ਹੁੰਦਾ ਹੈ ਜਦੋਂ "ਨਾਈਟ ਸਟਰੀਟ" ਦੀ ਪੱਖ ਦੇ ਸੰਬੰਧ ਵਿਚ ਤਾਂ ਗੁਰਦੁਆਰਾ ਕਮੇਟੀ ਦੇ ਮੈਂਬਰ ਮੀਟਿੰਗਾਂ ਕਰ ਸਕਦੇ ਹਨ ਜੋ ਉਨ੍ਹਾਂ ਉਪਰ ਸਿੱਧਾ ਅਸਰ ਪਾਉਂਦੀ ਸੀ ਪਰ ਹੋਰਨਾਂ ਲੋਕਾਂ ਉਤੇ ਪੈਣ ਵਾਲੇ ਅਸਰਾਂ ਸੰਬੰਧੀ ਉਨ੍ਹਾਂ ਨੂੰ ਕੋਈ ਚਿੰਤਾ ਨਹੀਂ ਹੈ। ਬਲਿਹਾਰੇ ਜਾਈਏ ਇਨ੍ਹਾਂ ਦੀ ਸੇਵਾ ਦੇ, ਜੋ ਆਪਣੇ ਭਲੇ ਨੂੰ ਹੀ ਪਰਉਪਕਾਰ ਸਮਝਦੇ ਹਨ, ਜੇਕਰ ਗੁਸਤਾਖੀ ਮੁਆਫ ਕੀਤੀ ਜਾਵੇ ਤਾਂ ਅਸੀਂ ਦੱਸ ਸਕਦੇ ਹਾਂ ਕਿ ਆਪਣੇ ਭਲੇ ਲਈ ਹੀ ਕਰਨਾ ਤੇ ਦੂਜਿਆਂ ਲਈ ਚੰਗਾ ਕਰਨ ਤੋਂ ਅੱਖਾਂ ਮੀਟਣ ਨੂੰ "ਖੁਦਗਰਜ਼ੀ" ਕਹਿੰਦੇ ਹਨ ।

ਅਸੀਂ ਵੈਨਕੂਵਰ ਵਿਚ ਰਹਿਣ ਵਾਲੇ ਲੋਕਾਂ ਨੂੰ ਖਾਸ ਕਰਕੇ ਕਹਾਂਗੇ ਕਿ 19 ਨਵੰਬਰ ਦੀਆਂ ਚੋਣਾਂ ਵਿਚ ਕਰਵਾਏ ਜਾ ਰਹੇ ਰੈਫਰੈਂਡਮ ਸਮੇਂ Yes (ਹਾਂ) ਉਪਰ ਨਿਸ਼ਾਨ ਲਾਉਣ ।

# ਬਿਦਰ ਵਿਚ ਫਿਰਕੂ ਅੱਗ ਜਾਣ ਬੁਝ ਕੇ ਭੜਕਾਈ ਗਈ

— ਜਗਜੀਤ ਸਿੰਘ ਅਰੋੜਾ



**? ਬਿਦਰ ਵਿਖੇ ਹੋਏ ਫਿਰਕੂ ਦੰਗਿਆਂ ਸੰਬੰਧੀ ਸਥਿਤੀ ਦਾ ਜਾਇਜ਼ਾ ਲੈਣ ਲਈ ਆਪ ਪਿਛੇ ਜਿਹੇ ਬਿਦਰ ਸਾਹਿਬ ਗਏ ਸੀ । ਓਥੋਂ ਦੀ ਸਥਿਤੀ ਸੰਬੰਧੀ ਵਿਸਤਾਰ ਪੂਰਵਕ ਦਸਣ ਦੀ ਖੇਚਲ ਕਰੋ ?**

17 ਤਾਰੀਖ ਨੂੰ ਮੈਨੂੰ ਸ. ਹਰਭਜਨ ਸਿੰਘ ਨਿਸ਼ਕਾਮ ਸੇਵਾ ਵਾਲਿਆ ਦਾ ਟੈਲੀਫੋਨ ਆਇਆ ਜੋ ਮੋਟਰ ਪਾਰਟਸ ਦਾ ਕਾਰੋਬਾਰ ਕਰਦੇ ਹਨ। ਉਹਨਾਂ ਮੈਨੂੰ ਦੱਸਿਆ ਕਿ ਇਕ ਨੌਜਵਾਨ ਜੋ ਬਿਦਰ ਸਾਹਿਬ ਤੋਂ ਨੱਸ ਕੇ ਆਇਆ ਹੈ ਅਤੇ ਜੋ ਕੁਝ ਉਸਨੇ ਦੱਸਿਆ ਹੈ ਉਸ ਤੋਂ ਪ੍ਰਤੀਤ ਹੁੰਦਾ ਹੈ ਕਿ ਬਿਦਰ ਵਿਖੇ ਸਿਖਾਂ ਦਾ ਕਾਫੀ ਨੁਕਸਾਨ ਹੋਇਆ ਹੈ। ਮੈਂ ਸ. ਹਰਭਜਨ ਸਿੰਘ ਨੂੰ ਕਿਹਾ ਕਿ ਉਹ ਉਸ ਨੌਜੁਆਨ ਨੂੰ ਮੇਰੇ ਕੋਲ ਭੇਜ ਦੇਣ ਤਾਕਿ ਸਥਿਤੀ ਸੰਬੰਧੀ ਹੋਰ ਜਾਣਕਾਰੀ ਪ੍ਰਾਪਤ ਕਰ ਸਕਾਂ। ਉਸ ਨੌਜੁਆਨ ਨੇ ਮੈਨੂੰ ਦੱਸਿਆ ਕਿ 14 ਸਤੰਬਰ ਦੀ ਰਾਤ ਤੋਂ ਦੰਗੇ ਅਤੇ ਲੁੱਟਮਾਰ ਆਰੰਭ ਹੋ ਕੇ 15 ਅਤੇ 16 ਤਾਰੀਖ ਤੱਕ ਜਾਰੀ ਰਹੇ। ਜਿਸ ਵਿਚ ਘਟੋ ਘਟ ਛੇ ਵਿਦਿਆਰਥੀ ਮਾਰੇ ਗਏ ਹਨ। ਹੋ ਸਕਦਾ ਹੈ ਮਰਨ ਵਾਲਿਆਂ ਦੀ ਗਿਣਤੀ ਹੋਰ ਵੀ ਵੱਧ ਹੋਵੇ, ਕਿਉਂਕਿ ਬਚਾਉ ਲਈ ਵਿਦਿਆਰਥੀ ਨੱਸ ਭਜ ਗਏ ਸਨ ।

16 ਤਾਰੀਖ ਰਾਤ ਨੂੰ ਗੁਰੂ ਨਾਨਕ ਦੇਵ ਇੰਜਨੀਅਰਿੰਗ ਕਾਲਜ ਦਾ ਇਹ ਵਿਦਿਆਰਥੀ ਆਪਣੇ ਦੋ ਹਮਸਾਏ ਪਰਿਵਾਰ, ਇਕ ਹਿੰਦੂ ਅਤੇ ਦੂਜਾ ਮੁਸਲਮਾਨ ਦੀ ਮਦਦ ਨਾਲ ਹੈਦਰਾਬਾਦ ਪੁੱਜ ਸਕਿਆ ਅਤੇ ਓਥੋਂ ਗੱਡੀ ਫੜ ਕੇ ਦਿੱਲੀ ਆਇਆ ਹੈ। ਸਥਿਤੀ ਸੰਬੰਧੀ ਜਾਨਣ ਮਗਰੋਂ ਮੈਂ ਗ੍ਰਹਿ ਮੰਤਰੀ ਸ. ਬੂਟਾ ਸਿੰਘ ਨੂੰ ਫੋਨ ਕੀਤਾ। ਪਰ ਪਤਾ ਲੱਗਾ ਕਿ ਉਹ ਬਦੇਸ਼ ਯਾਤਰਾ ਤੇ ਗਏ ਹੋਏ ਸਨ । ਫੇਰ ਮੈਂ ਉਪ ਗ੍ਰਹਿ ਮੰਤਰੀ ਸ੍ਰੀ ਮੋਹਨ ਦੇਵ ਅਤੇ ਹੋਮ ਸੈਕਟਰੀ ਨੂੰ ਵੀ ਸੰਪਰਕ ਕਰਨ ਦਾ ਯਤਨ ਕੀਤਾ, ਪਰ ਉਹ ਦੋਵੇਂ ਵੀ ਉਪਲਬਧ ਨਾ ਹੋ ਸਕੇ। ਆਖਰ ਮੈਂ ਸ੍ਰੀ ਚਿੰਦਬਰਮ ਨਾਲ ਸੰਪਰਕ ਪੈਦਾ ਕਰਨ ਵਿਚ ਸਫਲ ਹੋ ਗਿਆ। ਉਹਨਾਂ ਮੈਨੂੰ ਦੱਸਿਆ ਕਿ ਉਹਨਾਂ ਨੂੰ ਬਿਦਰ ਵਿਖੇ ਹੋਏ ਦੰਗਿਆਂ ਸੰਬੰਧੀ ਜਾਣਕਾਰੀ ਹੈ ਅਤੇ ਉਹਨਾਂ ਕਰਨਾਟਕ ਸਰਕਾਰ ਨੂੰ ਪੁੱਛਿਆ ਹੈ ਕਿ ਜੇ ਉਹਨਾਂ ਨੂੰ ਸਥਿਤੀ ਕੰਟਰੋਲ ਕਰਨ ਲਈ ਸੀ ਆਰ ਪੀ ਐਫ ਦੀ ਲੋੜ ਹੋਵੇ ਤਾਂ ਦੱਸਣ । ਪਰ ਕਰਨਾਟਕ ਸਰਕਾਰ ਨੇ ਕਿਹਾ ਹੈ ਕਿ ਉਹਨਾਂ ਕੋਲ ਮੁਕੰਮਲ ਇੰਤਜ਼ਾਮ ਹੈ। ਮੈਂ ਕੁਝ ਹੋਰ ਥਾਵਾਂ ਤੋਂ ਇਸ ਕਾਂਡ ਸੰਬੰਧੀ ਜਾਣਕਾਰੀ ਲੈਣ ਦੀ ਕੋਸ਼ਿਸ਼ ਕੀਤੀ । ਮੈਨੂੰ ਕਰਨਾਟਕ ਭਵਨ ਤੋਂ ਫੋਨ ਆਇਆ ਕਿ 14 ਸਤੰਬਰ ਨੂੰ ਸ. ਓਂਕਾਰ ਸਿੰਘ ਥਾਪਰ ਅਤੇ ਕੁਝ ਦੂਜੇ ਅਕਾਲੀ ਨੇਤਾ ਇਸ ਹਾਦਸੇ ਸੰਬੰਧੀ ਕਰਨਾਟਕ ਦੇ ਮੰਤਰੀ ਨੂੰ ਮਿਲੇ ਹਨ। ਮੈਂ ਐਤਵਾਰ ਨੂੰ ਮਧੂ ਦੰਡਵਤੇ ਨੂੰ ਫੋਨ ਕਰਕੇ ਸਥਿਤੀ ਬਾਰੇ ਜਾਣਕਾਰੀ ਲੈਣ ਲਈ ਪੁੱਛ ਗਿਛ ਕੀਤੀ, ਅਤੇ ਇਕ ਸ੍ਰੀਮਤੀ ਮਹੇਸ਼ੀ ਹਨ ਉਹਨਾਂ ਕੋਲੋਂ ਵੀ ਜਾਂਚ ਕੀਤੀ, ਜਿਨ੍ਹਾਂ ਮੈਨੂੰ ਦੱਸਿਆ ਕਿ ਸਥਿਤੀ ਹੁਣ ਕਾਬੂ ਵਿਚ ਹੈ । ਪਰ ਇਹ ਕੁਝ ਜਾਨਣ ਦੇ ਬਾਵਜੂਦ ਵੀ ਦਿਲ ਨੂੰ ਤਸੱਲੀ ਨਾ ਹੋਈ। ਆਖਰ ਮੈਂ ਆਪ ਹੀ 20 ਤਾਰੀਖ ਨੂੰ ਬਿਦਰ ਸਾਹਿਬ ਜਾ ਕੇ ਸਥਿਤੀ ਦਾ ਜਾਇਜ਼ਾ ਲੈਣ ਦਾ ਨਿਰਣਾ ਕੀਤਾ। ਪਰ ਰਾਤ ਮੈਨੂੰ ਕਰਨਾਟਕ ਦੇ ਰੈਜ਼ੀਡੈਂਟ ਕਮਿਸ਼ਨਰ ਦਾ ਫੋਨ ਆਇਆ ਜਿਨ੍ਹਾਂ ਨੇ ਮੈਨੂੰ ਆਖਿਆ ਕਿ ਜੇ ਤੁਸੀਂ ਬਿਦਰ ਜਾਣਾ ਚਾਹੁੰਦੇ ਹੋ ਤਾਂ ਜ਼ਰੂਰ ਜਾਓ ਪਰ ਮੈਂ ਇਹੋ ਸਲਾਹ ਦਿਆਂਗਾ ਕਿ ਆਪ ਦੋ ਦਿਨ ਹੋਰ ਠਹਿਰ ਜਾਓ। ਮੈਂ ਜੁਆਬ ਵਿਚ ਕਿਹਾ ਕਿ ਸਾਡਾ ਠਹਿਰਨਾ ਹੁਣ ਮੁਨਾਸਬ ਨਹੀਂ ਹੋਵੇਗਾ। ਅਸੀਂ ਅਗੇ ਹੀ ਦੋ ਤਿੰਨ ਦਿਨ ਲੇਟ ਹੋ ਗਏ ਹਾਂ। ਇਸ ਤਰ੍ਹਾਂ ਅਸੀਂ ਪੰਜ ਵਿਅਕਤੀ ਜਿਨ੍ਹਾਂ ਵਿਚ ਸ. ਹਰਚਰਨ ਸਿੰਘ ਵੀ ਸ਼ਾਮਲ ਸਨ, ਹੈਦਰਾਬਾਦ ਲਈ ਰਵਾਨਾ ਹੋਏ । ਮੈਂ ਆਪਣੇ ਰਿਸ਼ਤੇ ਦੇ ਇਕ ਭਰਾ ਜੋ ਹੈਦਰਾਬਾਦ ਵਿਚ ਰਹਿੰਦੇ ਹਨ, ਨੂੰ ਆਪਣੇ ਆਉਣ ਦੀ ਸੂਚਨਾ ਦੇ ਦਿੱਤੀ। ਉਹ ਸਾਨੂੰ ਲੈਣ ਲਈ ਹਵਾਈ ਅੱਡੇ ਤੇ ਆਏ ਹੋਏ ਸਨ । ਉਹਨਾਂ ਦੱਸਿਆ ਕਿ ਹੈਦਰਾਬਾਦ ਸਥਾਨਕ ਪ੍ਰੈਸ ਵਿਚ ਇਸ ਕਾਂਡ ਸੰਬੰਧੀ ਕੋਈ ਖਾਸ ਖਬਰ ਨਹੀਂ ਆਈ। ਉਹਨਾਂ ਆਖਿਆ ਕਿ ਹੈਦਰਾਬਾਦ ਤੋਂ ਨਿਕਲਦੇ ਉਰਦੂ ਦੇ ਇਕ ਅਖਬਾਰ 'ਸਿਆਸਤ' ਵਿਚ ਇਸ ਕਾਂਡ ਸੰਬੰਧੀ ਕੁਝ ਜਾਣਕਾਰੀ ਮਿਲਦੀ ਰਹੀ ਹੈ। ਉਸੇ ਤੋਂ ਸਾਨੂੰ ਪਤਾ ਚਲਦਾ ਰਿਹਾ ਹੈ ਕਿ ਕੀ ਕੁਝ ਵਾਪਰ ਰਿਹਾ ਹੈ । ਸਾਡੇ ਹੈਦਰਾਬਾਦ ਤੋਂ ਬਿਦਰ ਜਾਣ ਸਮੇਂ ਕਰਨਾਟਕ ਸਰਕਾਰ ਨੇ ਸਾਡੀ ਸੁਰੱਖਿਆ ਲਈ ਇਕ ਪਾਈਲਟ (ਪਥ-ਪ੍ਰਦਰਸ਼ਕ) ਜੀਪ ਭੇਜ ਦਿਤੀ । ਅਸੀਂ ਬਿਦਰ ਲਈ ਚਲ ਪਏ । ਰਾਹ ਵਿਚ ਸਾਨੂੰ ਸਹਾਇਕ ਕਮਿਸ਼ਨਰ ਦੀ ਜੀਪ ਮਿਲੀ ਜਿਨ੍ਹਾਂ ਸਾਨੂੰ ਬੇਨਤੀ ਕੀਤੀ ਕਿ ਕੇਂਦਰੀ ਮੰਤਰੀ ਸ੍ਰੀ ਜ਼ਾਫਰ ਸ਼ਰੀਫ ਜੋ ਡਾਕ ਬੰਗਲੇ ਵਿਚ ਠਹਿਰੇ ਹੋਏ ਹਨ, ਉਹ ਆਪ ਨੂੰ ਬਿਦਰ ਜਾਣ ਤੋਂ ਪਹਿਲਾਂ ਮਿਲਣਾ ਚਾਹੁੰਦੇ ਹਨ ।

ਅਸੀਂ ਜਾਣਾ ਤਾਂ ਸਿੱਧਾ ਚਾਹੁੰਦੇ ਸਾਂ, ਪਰ ਸੋਚਿਆ ਕਿ ਪਹਿਲਾਂ ਜ਼ਾਫਰ ਸ਼ਰੀਫ ਸਾਹਿਬ ਨੂੰ ਮਿਲ ਹੀ ਲਈਏ । ਡਾਕ ਬੰਗਲੇ ਵਿਚ ਜ਼ਾਫਰ ਸ਼ਰੀਫ ਸਾਹਿਬ ਤੋਂ ਇਲਾਵਾ ਪੁਲਿਸ ਦੇ ਆਈ ਜੀ ਅਤੇ ਡੀ ਆਈ ਜੀ ਵੀ ਬੈਠੇ ਹੋਏ ਸਨ । ਉਹਨਾਂ ਸਾਨੂੰ ਹਾਦਸੇ ਤੇ ਅਫਸੋਸ ਪ੍ਰਗਟ ਕਰਦਿਆਂ ਕਿਹਾ ਕਿ ਹੁਣ ਸਥਿਤੀ ਤਨਾਉ ਪੂਰਣ ਹੋਣ ਦੇ ਬਾਵਜੂਦ ਵੀ ਪੂਰੀ ਤਰ੍ਹਾਂ ਕੰਟਰੋਲ ਵਿਚ ਹੈ। ਅਸੀਂ ਉਹਨਾਂ ਨੂੰ ਮਿਲ ਕੇ ਬਿਦਰ ਪਹੁੰਚੇ । ਅਸੀਂ ਸਭ ਤੋਂ ਪਹਿਲਾਂ ਬਿਦਰ ਸਾਹਿਬ ਗੁਰਦਵਾਰੇ ਪਹੁੰਚੇ । ਅਸੀਂ ਵੇਖਿਆ ਕਿ ਸੈਂਕੜਿਆਂ ਦੀ ਗਿਣਤੀ ਵਿਚ ਸਿਖ ਗੁਰਦੁਆਰੇ ਇਕੱਠੇ ਹੋ ਢੁੱਕੇ ਸਨ, ਜਿਨ੍ਹਾਂ ਕੱਪੜਿਆਂ ਵਿਚ ਉਹ ਨੱਸ ਕੇ ਆਏ ਸਨ, ਉਹੀ ਕੱਪੜੇ ਉਹਨਾਂ ਪਾਏ ਹੋਏ ਸਨ। ਕਿਸੇ ਨੌਜੁਆਨ ਨੇ ਪਗੜੀ ਬੰਨ੍ਹੀ ਹੋਈ ਸੀ, ਕੋਈ ਬਿਨਾਂ ਪਗੜੀ ਦੇ ਸੀ । ਕਿਸੇ ਨੇ ਟ੍ਰੈਕ ਸੂਟ ਪਾਇਆ ਹੋਇਆ ਸੀ ਅਤੇ ਕਿਸੇ ਨੇ ਪਜਾਮਾ ਹੀ ਪਾਇਆ ਹੋਇਆ ਸੀ ।

ਉਹ ਗੁਸੇ ਵਿਚ ਵੀ ਸਨ ਅਤੇ ਪਰੇਸ਼ਾਨ ਵੀ । ਸਾਡੇ ਉਥੇ ਪਹੁੰਚਦਿਆਂ ਹੀ ਗੁਰੂ ਨਾਨਕ ਇੰਜਨੀਅਰਿੰਗ ਕਾਲਜ ਦੇ ਕਰਤਾ ਧਰਤਾ ਸ. ਜੋਗਾ ਸਿੰਘ ਵੀ ਆ ਪਹੁੰਚੇ । ਜੋ ਬਿਦਰ ਤੋਂ ਬਾਹਰ ਗਏ ਹੋਣ ਕਾਰਣ 16 ਤਾਰੀਖ ਹੀ ਵਾਪਸ ਪਰਤੇ ਸਨ । ਸਾਡੇ ਓਥੇ ਪੁੱਜਣ ਤੋਂ ਪਹਿਲਾਂ ਦੋ ਮੰਤਰੀ ਅਤੇ ਆਈ ਜੀ ਪੁਲਿਸ ਵੀ ਇਲਾਕੇ ਦਾ ਦੌਰਾ ਕਰ ਚੁਕੇ ਸਨ। ਉਹਨਾਂ ਨੂੰ ਮੈਮੋਰੈਂਡਮ ਦਿੱਤਾ ਜਾ ਚੁਕਾ ਸੀ ਜਿਸ ਵਿਚ ਮੰਗ ਕੀਤੀ ਗਈ ਸੀ ਇਹ ਫਿਰਕੂ ਅੱਗ ਜਾਣ ਬੁਝ ਕੇ ਤਹਿ ਸ਼ੁਦਾ ਇਰਾਦੇ ਤਹਿਤ ਭੜਕਾਈ ਗਈ ਹੈ । ਦੰਗਈ ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ ਜਾਣ । ਪ੍ਰਭਾਵਿਤ ਵਿਅਕਤੀਆਂ ਨੂੰ ਮੁਆਵਜ਼ਾ ਦਿੱਤਾ ਜਾਏ ਅਤੇ ਇਸ ਕਾਂਡ ਸੰਬੰਧੀ ਜਾਂਚ ਪੜਤਾਲ ਦਾ ਆਦੇਸ਼ ਦਿੱਤਾ ਜਾਏ ਆਦਿ ।

**? ਇਸ ਦੁਖਾਂਤ ਕਾਂਡ ਦੇ ਕਾਰਨਾਂ ਬਾਰੇ ਲੋਕ ਕੀ ਸੋਚਦੇ ਹਨ ?**

ਮੈਂ ਕਾਲਜ ਦੇ ਪ੍ਰੋਫੈਸਰਾਂ ਤੋਂ ਹਾਦਸੇ ਸੰਬੰਧੀ ਪੁਛ ਗਿਛ ਕੀਤੀ । ਉਹਨਾਂ ਅਨੁਸਾਰ 14 ਤਾਰੀਖ ਰਾਤ ਨੂੰ 9 ਵਜੇ ਕੁਝ ਲੜਕੇ ਕਿਸੇ ਢਾਬੇ ਤੇ ਖਾਣਾ ਖਾਣ ਲਈ ਜਾ ਰਹੇ ਸਨ । ਹੋਸਟਲ ਵਿਚ ਪੂਰੀ ਥਾਂ ਨਾ ਹੋਣ ਕਾਰਣ ਕੁਝ ਵਿਦਿਆਰਥੀ ਬਾਹਰ ਸ਼ਹਿਰ ਵਿਚ ਕਰਾਏ ਦੇ ਕਮਰਿਆਂ ਵਿਚ ਰਹਿ ਰਹੇ ਹਨ। ਹਾਂ ਤਾਂ ਲੜਕੇ

→



**FASHIONS AND DECORATIONS**

**ਹੋਲਸੇਲ ਵਰਗੀਆਂ ਕੀਮਤਾਂ ਉਤੇ**

ਡੈਕੋਰੇਸ਼ਨ ਅਤੇ ਫੈਸ਼ਨ ਲਈ ਇਹ ਚੀਜ਼ਾਂ ਹੋਰ ਕਿਤੋਂ ਨਹੀਂ ਮਿਲਣਗੀਆਂ

ਵੱਲ ਵੱਖ ਤਰ੍ਹਾਂ ਦੇ ਸਜਾਵਟ ਵਾਲੇ ਟੈਲੀਫ਼ੋਨ, ਬਰਾਸ ਦੀਆਂ ਚੀਜ਼ਾਂ, ਲੈਂਪ, ਟੱਚ-ਲੈਂਪ, ਲੇਡੀਜ਼ ਲਈ ਬਿਲਟਾਂ, ਮੇਕਅਪ ਦਾ ਸਾਮਾਨ ਆਰਟੀਫੀਸ਼ਨ ਫ਼ੁੱਲ (ਜੋ ਹਰ ਮੌਕੇ ਲਈ ਮਿਲ ਸਕਦੇ ਹਨ)

**ਫੈਸ਼ਨ ਅਤੇ ਡੈਕੋਰੇਸ਼ਨ**

13279 - 72nd Ave. [Next to J.R. Furinture Place]



**Ph. 594-4277**



**ਗਿਆਨ ਸ਼ਕਤੀ ਹੈ**



**ਸਾਈਕਿਕ ਰੀਡਰ ਸਾਰਾ**

ਆਪਣੀਆਂ ਹਸਤ-ਰੇਖਾਵਾਂ ਤੋਂ ਜ਼ਿੰਦਗੀ, ਪਿਆਰ, ਵਿਆਹ, ਵਪਾਰ, ਸਿਹਤ ਦੀਆਂ ਮੁਸ਼ਕਲਾਂ ਤੋਂ ਜਾਣੂ ਹੋਵੋ । ਸਾਰਾ ਵਿਛੜਿਆਂ ਨੂੰ ਮੇਲਣ ਤੇ ਮਾੜੀ ਕਿਸਮਤ ਨੂੰ ਚੰਗੇ ਵਿਚ ਬਦਲਣ ਦੇ ਸਮਰੱਥ ਹੈ । ਇਕ ਵਾਰੀ ਜ਼ਰੂਰ ਆਜ਼ਮਾਓ ।

ਮੁਲਾਕਾਤ ਲਈ ਸਮਾਂ ਨੀਯਤ ਕਰਨ ਲਈ ਫ਼ੋਨ ਕਰੋ :

Tarot Card and Palm Reader gifted by her ancestors, solves all problems of life. Helps reunite the separated, interpret your dreams, unfold the mystery of past life.

Let me prove to you that my capability is more superior than others you might have consulted with in the past. Guaranteed accuracy.

*Call for Appointment:*
**251-1246** (Vancouver) **$5 OFF WITH AD**

ਰਾਤ ਖਾਣਾ ਖਾਣ ਜਾ ਰਹੇ ਸਨ। ਰਾਹ ਵਿਚ ਲੱਗੇ ਪੰਡਾਲ ਵਿਚ ਗਣੇਸ਼ ਪੂਜਾ ਦਾ ਇੰਤਜ਼ਾਮ ਸੀ। ਪੰਡਾਲ ਵਿਚ ਪੂਜਾ ਦੇ ਵਰਕਰਾਂ ਨੇ ਨੌਜੁਆਨਾਂ ਕੋਲੋਂ ਪੂਜਾ ਲਈ ਚੰਦਾ ਮੰਗਿਆ ਲੜਕਿਆਂ ਨੇ ਜੁਆਬ ਵਿਚ ਕਿਹਾ ਕਿ ਅਸੀਂ ਚੰਦਾ ਪਹਿਲਾਂ ਹੀ ਦੇ ਚੁਕੇ ਹਾਂ। ਪੰਡਾਲ ਵਾਲੇ ਯੋਜਨਾ ਅਨੁਸਾਰ ਇਸ ਝਗੜੇ ਨੂੰ ਜਾਣ ਬੁਝਕੇ ਵਧਾਉਣ ਦੀ ਕੋਸ਼ਿਸ਼ ਵਿਚ ਸਨ। ਆਖਰ ਉਹ ਨੌਜੁਆਨਾਂ ਤੇ ਟੁਟ ਪਏ। ਅਤੇ ਉਹਨਾਂ ਨੂੰ ਮਾਰਿਆ ਕੁਟਿਆ। ਨੌਜੁਆਨ ਹੋਸਟਲ ਜਾ ਕੇ ਇਕੱਠੇ ਹੋਏ ਅਤੇ ਇਨ੍ਹੇ ਵਿਚ ਭੀੜ ਵੀ ਇਕੱਠੀ ਹੋ ਕੇ ਆ ਪਹੁੰਚੀ। ਉਹਨਾਂ ਵਿਚ ਹੱਥੋ-ਪਾਈ ਹੋਈ। ਏਨੇ ਵਿਚ ਪੁਲਿਸ ਨੇ ਨੌਜੁਆਨਾਂ ਨੂੰ ਕਿਹਾ ਕਿ ਤੁਸੀਂ ਹੋਸਟਲ ਵਿਚ ਵਾਪਸ ਜਾਓ ਅਤੇ ਭੀੜ ਨੂੰ ਵੀ ਵਾਪਸ ਜਾਣ ਲਈ ਕਿਹਾ। ਪਰ ਭੀੜ ਨੇ ਇਹਨਾਂ ਨੌਜੁਆਨਾਂ ਦੇ ਕੁਝ ਸਕੂਟਰ ਜੋ ਘਰਾਂ ਵਿਚ ਖੜੇ ਹੋਏ ਸਨ, ਸਾੜੇ ਅਤੇ ਪਥਰਾਓ ਕੀਤਾ। ਪ੍ਰਿੰਸੀਪਲ ਨੇ ਇਸ ਹਾਦਸੇ ਸੰਬੰਧੀ ਪੁਲਿਸ ਵਿਚ ਰਿਪੋਰਟ ਦਰਜ ਕਰਵਾਈ। ਰਾਤ ਲੰਘ ਗਈ। ਭੀੜ ਕਿਸੇ ਥਾਂ ਤੇ ਇਕੱਠੀ ਜ਼ਰੂਰ ਹੋਈ ਹੋਵੇਗੀ। ਉਹਨਾਂ ਗਿਆਰਾਂ ਵਜੇ ਮੁੜ ਇਕੱਠੇ ਹੋ ਕੇ ਦੋ ਸਿੱਖ ਲੜਕਿਆਂ ਦੇ ਘਰਾਂ ਤੇ ਹਮਲਾ ਕਰ ਦਿੱਤਾ। ਉਹਨਾਂ ਨੂੰ ਕੁਟਿਆ, ਉਹਨਾਂ ਤੇ ਪੱਥਰ ਵਰਸਾਏ ਅਤੇ ਉਹਨਾਂ ਦਾ ਸਮਾਨ ਲੁਟਿਆ ਅਤੇ ਬਾਕੀ ਸਮਾਨ ਬਾਹਰ ਸੁੱਟ ਦਿੱਤਾ। ਉਸ ਥਾਂ ਨੂੰ ਅੱਗ ਲਗਾ ਦਿੱਤੀ ਗਈ। ਸ਼ਾਮ ਛੇ ਵਜੇ ਤੱਕ ਇਹ ਲੁੱਟ ਮਾਰ ਜ਼ੋਰ ਸ਼ੋਰ ਨਾਲ ਜਾਰੀ ਰਹੀ। ਕੁਝ ਲੜਕੇ ਪਨਾਹ ਲਈ ਗੁਰਦੁਆਰੇ ਨੱਸ ਗਏ ਅਤੇ ਕੁਝ ਕਾਲਿਜ ਭੱਜ ਗਏ। ਗੁਰਦੁਆਰੇ ਅੱਗੇ ਪੁਲਿਸ ਪੋਸਟ ਤੈਨਾਤ ਕਰ ਦਿੱਤੀ ਗਈ ਅਤੇ ਇਸ ਲਈ ਓਥੇ ਹਮਲਾ ਨਹੀਂ ਹੋ ਸਕਿਆ। ਪਰ ਕਾਲਿਜ ਦੇ ਅਹਾਤੇ ਤੇ ਭੀੜ ਨੇ ਪਥਰਾਓ ਕੀਤਾ ਅਤੇ ਅਹਾਤੇ ਦੀ ਦੀਵਾਰ ਦਾ ਇਕ ਹਿਸਾ ਵੀ ਤੋੜ ਦਿੱਤਾ। ਪੁਲਿਸ ਭੀੜ ਨੂੰ ਪੱਥਰ ਮਾਰਨ ਤੋਂ ਰੋਕ ਨਾ ਸਕੀ। ਸਗੋਂ ਪੁਲਿਸ ਨੇ ਨੌਜੁਆਨਾਂ ਨੂੰ ਕਾਲਿਜ ਦੇ ਅਹਾਤੇ ਤੋਂ ਬਾਹਰ ਆਉਣ ਤੋਂ ਰੋਕਿਆ। ਨੌਜੁਆਨਾਂ ਨੇ ਬਾਹਰ ਆਉਣ ਦੀ ਕੋਸ਼ਿਸ਼ ਕੀਤੀ ਤਾਂ ਪੁਲਿਸ ਨੇ ਕੁਝ ਗੈਸ ਦੇ ਗੋਲੇ ਛੱਡੇ ਅਤੇ ਤਿੰਨ ਹਵਾਈ ਫਾਇਰ ਵੀ ਕੀਤੇ। ਜਿਹੜੇ ਕਾਲਜ ਦੇ ਅਹਾਤੇ ਤੋਂ ਬਾਹਰ ਸਨ, ਉਹਨਾਂ ਨੂੰ ਭੀੜ ਨੇ ਘੇਰੇ ਵਿਚ ਲੈ ਕੇ ਬੁਰੀ ਤਰ੍ਹਾਂ ਕੁਟਿਆ। ਇਕ ਵਿਦਿਆਰਥੀ ਤਾਂ ਬਿਦਰ ਵਿਚ ਹੀ ਮਾਰਿਆ ਗਿਆ ਅਤੇ ਦੂਜੇ ਨੇ ਹੈਦਰਾਬਾਦ ਦੇ ਹਸਪਤਾਲ ਵਿਚ ਦਮ ਤੋੜਿਆ। ਜਿਹੜੀ ਸਾਨੂੰ ਲਿਸਟ ਦਿੱਤੀ ਗਈ ਉਸ ਮੁਤਾਬਕ ਕੁਲ 126 ਲੜਕੇ ਜ਼ਖਮੀ ਹੋਏ। ਬਿਦਰ ਸਾਹਿਬ ਦੇ ਗੁਰਦੁਆਰੇ ਦੇ ਹਸਪਤਾਲ ਵਿਚ ਮੈਂ ਕਈ ਜ਼ਖਮੀਆਂ ਨੂੰ ਦੇਖਿਆ ਜਿਨ੍ਹਾਂ ਨੂੰ ਸਖਤ ਚੋਟਾਂ ਆਈਆਂ ਹੋਈਆਂ ਸਨ, ਕਈਆਂ ਦੇ ਸਿਰ ਪਾਟੇ ਸਨ, ਕਈਆਂ ਦੀਆਂ ਹੱਥਾਂ ਤੇ ਪੈਰਾਂ ਦੀਆਂ ਉਂਗਲਾਂ ਟੁਟੀਆਂ ਹੋਈਆਂ ਸਨ। ਦੋ ਤਿੰਨ ਲੜਕਿਆਂ ਨੇ ਤਾਂ ਲਗਭਗ ਅੱਠ ਤੋਂ ਦਸ ਕਿਲੋਮੀਟਰ ਤੱਕ ਦੌੜਕੇ ਆਪਣਾ ਬਚਾਓ ਕੀਤਾ। ਪਰ ਸਭ ਕਹਿੰਦੇ ਹਨ ਕਿ ਇਸ ਦੌਰਾਨ ਵਿਚ ਪੁਲਿਸ ਓਥੇ ਮੌਜੂਦ ਸੀ ਪਰ ਉਸ ਨੇ ਸਿਖ ਨੌਜੁਆਨਾਂ ਦੇ ਬਚਾਓ ਲਈ ਕੁਝ ਨਹੀਂ ਕੀਤਾ। ਕੁਝ ਲੋਕਾਂ ਦਾ ਕਹਿਣਾ ਹੈ ਕਿ ਇਸ ਮਾਰ ਧਾੜ ਦੌਰਾਨ ਕੁਝ ਦੰਗੇ ਕਰਨ ਵਾਲਿਆਂ ਨੇ ਐਸ ਪੀ ਪੁਲਿਸ ਹੱਕ ਵਿਚ ਨਾਹਰੇ ਵੀ ਲਾਏ। ਕਿਉਂਕਿ ਐਸ ਪੀ ਨੇ ਉਹਨਾਂ ਨੂੰ ਇਹ ਸਭ ਕੁਝ ਕਰਨ ਦਿੱਤਾ। ਨਾਹਰੇ ਲਾਏ ਹਨ ਜਾਂ ਨਹੀਂ, ਪਰ ਐਸ ਪੀ ਨੇ ਸਥਿਤੀ ਤਾਂ ਕਾਬੂ ਵਿਚ ਨਹੀਂ ਕੀਤੀ। ਇਸ ਸਾਰੇ ਅਰਸੇ ਵਿਚ ਦਫਾ 144 ਲਗਾਈ ਗਈ ਪਰ ਕਰਫਿਊ ਨਹੀਂ ਲਗਾਇਆ ਗਿਆ।

**? ਬਿਦਰ ਵਿਚ ਮੁਸਲਮਾਨਾਂ ਨੇ ਸਿੱਖਾਂ ਨੂੰ ਬਚਾਇਆ ਹੈ ?**

ਸਾਡੇ ਉਥੇ ਖਲੋਤਿਆਂ ਹੀ ਕੇਂਦਰੀ ਮੰਤਰੀ ਜ਼ਾਫਰ ਸ਼ਰੀਫ ਵੀ ਪੁਜ ਗਏ, ਉਹਨਾਂ ਦੇ ਨਾਲ ਕਾਫੀ ਪੁਲਿਸ ਸੀ। ਸਿੱਖ ਨੌਜੁਆਨਾਂ ਨੇ ਇਕੱਠੇ ਹੋ ਕੇ ਓਥੇ ਪੁਲਿਸ ਅਤੇ ਐਸ ਪੀ ਦੇ ਵਿਰੁਧ ਨਾਹਰੇ ਲਗਾਏ। ਨੌਜੁਆਨਾਂ ਨੇ ਦੱਸਿਆ ਕਿ 16 ਤਾਰੀਖ ਸ਼ਾਮ ਛੇ ਵਜੇ ਡੀ ਆਈ ਜੀ ਆਏ। ਸਿੱਖ ਮੁੰਡਿਆਂ ਨੇ ਡੀ ਆਈ ਜੀ ਨੂੰ ਦੱਸਿਆ ਕਿ ਪੁਲਿਸ ਨੇ ਸਾਡੇ ਮੁੰਡੇ ਫੜੇ ਹੋਏ ਹਨ, ਜਿਨ੍ਹਾਂ ਨੂੰ ਛੱਡਿਆ ਜਾਏ। ਪਰ ਪੁਲਿਸ ਦਾ ਕਹਿਣਾ ਸੀ ਕਿ ਸਾਡੇ ਕੋਲ ਕੋਈ ਲੜਕਾ ਹਿਰਾਸਤ ਵਿਚ ਨਹੀਂ ਹੈ। ਡੀ ਆਈ ਜੀ ਨਾਲ ਗੱਲਬਾਤ ਰਾਤ ਦਸ-ਗਿਆਰਾਂ ਵਜੇ ਤੱਕ ਚਲਦੀ ਰਹੀ। ਕਹਿੰਦੇ ਹਨ ਕਿ ਡੀ ਆਈ ਜੀ ਸਵੇਰੇ ਚਾਰ ਵਜੇ 41 ਮੁੰਡਿਆਂ ਨੂੰ ਆਪ ਗੁਰਦੁਆਰੇ ਛੱਡਣ ਆਇਆ। ਉਹ ਸਾਰੇ ਹੀ ਜ਼ਖਮੀ ਸਨ। ਪੁਲਿਸ ਦਾ ਰੋਲ ਬਹੁਤ ਖਰਾਬ ਸੀ। ਉਹਨਾਂ ਨੇ ਨੁਕਸਾਨ ਹੀ ਪਹੁੰਚਾਇਆ ਹੈ ਫਾਇਦਾ ਕੋਈ ਨਹੀਂ ਪਹੁੰਚਾਇਆ। 16 ਤਾਰੀਖ ਨੂੰ ਮਾਰ ਧਾੜ ਨਹੀਂ ਹੋਈ ਪਰ ਨੁਕਸਾਨ ਫਿਰ ਵੀ ਹੋਇਆ ਹੈ। ਪੋਲੀਟੈਕਨੀਕ ਦੀ ਤਿੰਨ ਮੰਜ਼ਲਾ ਵੱਡੀ ਇਮਾਰਤ ਨੂੰ ਨੁਕਸਾਨ 16 ਤਾਰੀਖ ਨੂੰ ਪੁਜਿਆ ਹੈ। ਪੰਜਾਬ ਐਂਡ ਸਿੰਧ ਬੈਂਕ ਦੀ ਬਰਾਂਚ ਨੂੰ ਵੀ ਨੁਕਸਾਨ ਪੁਜਿਆ ਹੈ। ਇਸੀ ਤਰ੍ਹਾਂ ਹੋਰ ਵੀ ਇਮਾਰਤਾਂ ਨੂੰ ਨੁਕਸਾਨ ਪਹੁੰਚਾਇਆ ਗਿਆ। ਜਦੋਂ ਅਸੀਂ ਓਥੇ ਪੁਜੇ ਤਾਂ ਹਾਲਤ ਉਸ ਸਮੇਂ ਵੀ ਤਣਾਓ-ਪੂਰਨ ਸੀ। ਪਹਿਲੀ ਗੱਲ ਤਾਂ ਇਹ ਕਿ ਬਿਦਰ ਇਕ ਪਿੰਡ ਨੁਮਾ ਸੀ ਜੋ ਫੈਲਦਾ ਫੈਲਦਾ ਜ਼ਿਲੇ ਵਿਚ ਤਬਦੀਲ ਹੋ ਗਿਆ ਹੈ। ਇਕ ਲੱਖ ਦੇ ਕਰੀਬ ਆਬਾਦੀ ਹੈ। ਗੁਰੂ ਨਾਨਕ ਟ੍ਰਸਟ ਦੇ ਕਰਤਾ ਧਰਤਾ ਸ. ਜੋਗਾ ਸਿੰਘ ਨੇ ਇਕ ਇੰਜੀਨੀਅਰਿੰਗ ਕਾਲਜ ਬਨਾਉਣ ਦੀ ਇਜਾਜ਼ਤ ਮੰਗੀ ਸੀ। ਇਸ ਵਿਚ ਅੱਸੀ ਫੀਸਦੀ ਵਿਦਿਆਰਥੀ ਉਤਰੀ ਭਾਰਤ ਤੋਂ ਆਉਂਦੇ ਹਨ। ਇਹਨਾਂ ਦੀ ਰਹਿਣੀ, ਬਹਿਣੀ ਬਿਦਰ ਨਿਵਾਸੀਆਂ ਤੋਂ ਵੱਖ ਅਤੇ ਨਾਲੇ ਉਚੀ ਹੈ। ਸਥਾਨਕ ਨਿਵਾਸੀ ਪਛੜੇ ਹੋਏ ਹਨ। ਇਸ ਕਾਰਨ ਥੋੜ੍ਹਾ ਬਹੁਤ ਤਾਂ ਤਨਾਓ ਤਾਂ ਹੋ ਹੀ ਜਾਂਦਾ ਹੈ। ਦੂਜਾ ਮੈਡੀਕਲ ਕਾਲਜ ਬਣੇ ਇਸ ਸੰਬੰਧੀ ਲਗਭਗ ਫੈਸਲਾ ਹੋ ਚੁਕਿਆ ਸੀ ਕਿ ਉਹ ਜੋਗਾ ਸਿੰਘ ਬਣਾਏਗਾ।

ਓਥੋਂ ਦੇ ਸਥਾਨਕ ਰਾਜਨੀਤਕ ਜਿਨ੍ਹਾਂ ਵਿਚ ਬੀ ਜੇ ਪੀ ਅਤੇ ਸ਼ਿਵ ਸੈਨਾ ਦੇ ਬੰਦੇ ਵੀ ਸਨ, ਇਸ ਕਾਂਡ ਵਿਚ ਹੱਥ ਜਾਪਦਾ ਹੈ। ਅਤੇ ਅੱਜ ਕੱਲ ਹਰ ਸ਼ਹਿਰ ਵਿਚ ਕਾਫੀ ਗੁੰਡੇ ਹਨ, ਅਤੇ ਕਈ ਦੁਕਾਨਦਾਰ ਅਤੇ ਵਪਾਰੀ ਵੀ ਉਹਨਾਂ ਨਾਲ ਰਲੇ ਹੋਏ ਹਨ। ਜਿਨ੍ਹਾਂ ਨੇ ਲੋਕਾਂ ਨੂੰ ਦਬਾਉਣ ਲਈ ਗਰੁਪ ਬਣਾਏ ਹੋਏ ਹਨ। ਇਹ ਸਾਰੇ ਨਹੀਂ ਸਨ ਚਾਹੁੰਦੇ ਕਿ ਜੋਗਾ ਸਿੰਘ ਨੂੰ ਕਾਲਿਜ ਖੋਲਣ ਦੀ ਇਜਾਜ਼ਤ ਮਿਲੇ। ਉਹਨਾਂ ਨੇ ਸੋਚਿਆ ਕਿ ਕੋਈ ਸ਼ਰਾਰਤ ਕਰ ਦੇਈਏ ਤਾਂ ਜੋ ਇਸ ਦੌਰਾਨ ਖੱਪ ਪੈ ਜਾਏ ਤਾਂ ਇਹ ਕਾਲਜ ਖੋਲਣ ਦੀ ਇਜਾਜ਼ਤ ਰੁਕ ਜਾਏਗੀ। ਤੁਸੀਂ ਦੇਖਿਆ ਹੋਵੇਗਾ ਕਿ ਗਣੇਸ਼ ਪੂਜਾ ਤੇ ਉਥੋਂ ਦੇ ਲੋਕੀ ਚੰਦਾ ਇਕੱਠਾ ਕਰਦੇ ਹੁੰਦੇ ਹਨ। ਚੰਦਾ ਇਕੱਠਾ ਹੀ ਨਹੀਂ ਸਗੋਂ ਮੰਗ ਕਰਦੇ ਹਨ। ਇਸ ਮੰਗ ਨੂੰ ਵਿਵਾਦ ਦਾ ਮਾਮਲਾ ਬਣਾਕੇ ਉਹ ਝਗੜਾ ਖੜਾ ਕਰਨਾ ਚਾਹੁੰਦੇ ਸਨ। ਉਹਨਾਂ ਸੋਚਿਆ ਹੋਇਆ ਸੀ ਕਿ ਇਹ ਝਗੜਾ ਅਸੀਂ ਵਧਾਵਾਂਗੇ, ਤੇ ਆਖਰ ਉਹ ਝਗੜਾ ਵਧਾਉਣ ਵਿਚ ਕਾਮਯਾਬ ਹੋ ਗਏ। ਕੁਝ ਮੁੰਡਿਆਂ ਨੇ ਇਹ ਵੀ ਦੱਸਿਆ ਹੈ ਕਿ ਤਿੰਨ ਜਾਂ ਛੇ ਮਹੀਨੇ ਪਹਿਲਾਂ ਕੁਝ ਲੋਕੀਂ ਜਨ-ਗਣਨਾ ਲਈ ਆਏ ਸਨ। ਲਗਦਾ ਹੈ ਕਿ ਉਹ ਸ਼ਨਾਖਤ ਕਰਨ ਆਏ ਸਨ ਕਿ ਕੌਣ ਕਿਥੇ-ਕਿਥੇ ਰਹਿੰਦਾ ਹੈ। ਇਸ ਲਈ ਉਹਨਾਂ ਪਛਾਣ ਪਹਿਲਾਂ ਹੀ ਕੀਤੀ ਹੋਈ ਸੀ।

**? ਕੀ ਇਸ ਕਾਂਡ ਵਿਚ ਖਾਸ ਤੌਰ ਸਿੱਖਾਂ ਨੂੰ ਹੀ ਨਿਸ਼ਾਨਾ ਬਣਾਇਆ ਗਿਆ ?**

ਇਸ ਕਾਂਡ ਨੂੰ ਜਾਣ ਬੁਝ ਕੇ ਫਿਰਕੂ ਰੰਗ ਦਿੱਤਾ ਗਿਆ। ਇਸ ਵਿਚ ਕਿਸੇ ਹਿੰਦੂ ਲੜਕੇ ਨੂੰ ਹੱਥ ਨਹੀਂ ਲਗਾਇਆ ਗਿਆ। ਚਾਰ ਸਿੱਖ ਲੜਕੇ, ਜੋ ਇਕੱਠੇ ਇਕ ਕਮਰੇ ਵਿਚ ਰਹਿੰਦੇ ਸਨ, ਲਗਦਾ ਹੈ ਉਹ ਆਪਣੇ ਬਚਾਓ ਲਈ ਇਕ ਮੀਲ ਦੇ ਕਰੀਬ ਨੱਠੇ ਹੋਣਗੇ। ਜਾਂ ਤਾਂ ਭੀੜ ਨੇ ਉਹਨਾਂ ਨੂੰ ਮਾਰਕੇ ਉਥੇ ਹੀ ਇਕ ਖ਼ੂਹ ਵਿਚ ਸੁਟ ਦਿਤਾ ਹੋਵੇਗਾ। ਤੀਜੇ ਦਿਨ ਇਹਨਾਂ ਦੀਆਂ ਲਾਸ਼ਾਂ ਕੱਢ ਕੇ ਇਕੱਠਾ ਹੀ ਦਾਹ ਸੰਸਕਾਰ ਕੀਤਾ ਗਿਆ। ਅਜੇ ਮਰਨ ਵਾਲਿਆਂ ਦੀ ਗਿਣਤੀ ਬਾਬਤ ਕੋਈ ਠੀਕ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ। ਕਿਉਂਕਿ ਹਰ ਵਿਦਿਆਰਥੀ ਆਪਣੇ ਬਚਾਓ ਲਈ ਇਧਰ ਉਧਰ ਨੱਸ ਭਜਿਆ। ਜਦ ਤੱਕ ਉਹਨਾਂ ਸੰਬੰਧੀ ਪੂਰੀ ਜਾਣਕਾਰੀ ਨਹੀਂ ਮਿਲਦੀ, ਕੁਝ ਠੀਕ ਕਿਹਾ ਜਾ ਸਕਦਾ। ਜਿਹੜੇ ਵਿਦਿਆਰਥੀ ਕਾਲਿਜ ਵਿਚ ਰਹਿ ਗਏ ਉਹਨਾਂ ਨੂੰ ਕਾਲਜ ਵਲੋਂ ਹਰ ਵਿਦਿਆਰਥੀ ਨੂੰ 400 ਰੁਪਏ ਘਰ ਵਾਪਸ ਜਾਣ ਲਈ ਦਿਤੇ ਗਏ। ਤਿੰਨ ਮਹੀਨੇ ਲਈ ਕਾਲਜ ਬੰਦ ਕਰ ਦਿੱਤਾ ਗਿਆ ਹੈ।

**? ਇਸ ਹਤਿਆ ਕਾਂਡ ਪਿਛੇ ਕਿਸ ਦਾ ਹੱਥ ਹੋਣਾ ਸਮਝਦੇ ਹੋ ?**

ਸਾਨੂੰ ਮੁੰਡਿਆਂ ਨੇ ਜੋ ਦਸਿਆ ਹੈ ਉਸ ਮੁਤਾਬਕ ਇਸ ਕਾਂਡ ਪਿਛੇ ਬੀ ਜੇ ਪੀ ਤੇ ਸ਼ਿਵ ਸੈਨਾ ਦੇ ਸਥਾਨਕ ਵਰਕਰਾਂ ਦਾ ਹੱਥ ਲਗਦਾ ਹੈ। ਉਸ ਇਲਾਕੇ ਵਿਚ ਬੀ ਜੇ ਪੀ ਦਾ ਬੜਾ ਜ਼ੋਰ ਹੈ। ਇਹ ਨਹੀਂ ਕਿ ਇਸ ਪਿਛੇ ਆਲ ਇੰਡੀਆ ਬੀ ਜੇ ਪੀ ਪਾਰਟੀ ਦਾ ਹੱਥ ਹੈ, ਸਗੋਂ ਸਥਾਨਕ ਵਰਕਰਾਂ ਦਾ ਹੱਥ ਹੋ ਸਕਦਾ ਹੈ। ਬਾਲ ਠਾਕਰੇ ਵੀ ਸਿਖਾਂ ਵਿਰੁਧ ਜ਼ਹਿਰ ਉਗਲਦਾ ਰਹਿੰਦਾ ਹੈ। ਜੋ ਸੌ ਦੇ ਕਰੀਬ ਲੋਕ ਪਕੜੇ ਗਏ ਹਨ, ਉਨ੍ਹਾਂ ਤੋਂ ਪਤਾ ਲਗ ਜਾਏਗਾ ਕਿ ਇਸ ਪਿਛੇ ਕਿਸ ਦਾ ਹੱਥ ਹੈ।

**? ਕੁਝ ਲੋਕਾਂ ਦਾ ਕਹਿਣਾ ਹੈ ਕਿ ਇਸ ਕਾਂਡ ਪਿਛੇ ਕਾਂਗਰਸ (ਆਈ) ਦਾ ਹੱਥ ਹੈ। ਤੁਸੀਂ ਕੀ ਸੋਚਦੇ ਹੋ ?**

ਓਥੋਂ ਦੇ ਲੋਕਾਂ ਨੇ ਮੈਨੂੰ ਦੱਸਿਆ ਹੈ ਕਿ ਇਸ ਪਿਛੇ ਬੀ ਜੇ ਪੀ ਅਤੇ ਸ਼ਿਵ ਸੈਨਾ ਦਾ ਹੱਥ ਜਾਪਦਾ ਹੈ।

**? ਇਸ ਸੰਬੰਧ ਵਿਚ ਕੀ ਤੁਸੀਂ ਕਰਨਾਟਕ ਸਰਕਾਰ ਨਾਲ ਕੋਈ ਗੱਲਬਾਤ ਕੀਤੀ ਹੈ ?**

ਹਾਂ ! ਮੈਂ ਇਸ ਸੰਬੰਧੀ ਬੰਗਲੋਰ ਜਾ ਕੇ ਮੁਖ ਮੰਤਰੀ, ਚੀਫ ਸੈਕਟਰੀ, ਅਤੇ ਡੀ ਆਈ ਜੀ, ਨੂੰ ਇਕੱਠਿਆਂ ਮਿਲਿਆ ਹਾਂ। ਸਭ ਤੋਂ ਪਹਿਲਾਂ ਮੈਂ ਉਹਨਾਂ ਨੂੰ ਕਿਹਾ ਕਿ 84 ਵਿਚ ਵੀ ਏਥੇ ਕੁਝ ਨਹੀਂ ਵਾਪਰਿਆ ਸੀ, ਪਰ ਹੁਣ ਇਹ ਹਾਦਸਾ ਜਨਤਾ ਸਰਕਾਰ ਸਮੇਂ ਕਿਵੇਂ ਹੋ ਗਿਆ। ਗੱਲਬਾਤ ਵਿਚ ਉਹਨਾਂ ਕਿਹਾ ਕਿ ਸਥਿਤੀ ਪਹਿਲਾਂ ਹੀ ਤਨਾਓ ਪੂਰਣ ਸੀ। ਮੈਂ ਕਿਹਾ ਕਿ ਜੇ ਸਥਿਤੀ ਪਹਿਲਾਂ ਹੀ ਤਨਾਓਪੂਰਨ ਸੀ ਤਾਂ ਤੁਹਾਨੂੰ ਪਹਿਲਾਂ ਹੀ ਸਥਿਤੀ ਨੂੰ ਕਾਬੂ ਕਰਨ ਲਈ ਪੂਰਾ ਇੰਤਜ਼ਾਮ ਕਰਨਾ ਚਾਹੀਦਾ ਸੀ। ਇਸ ਸੰਬੰਧ ਵਿਚ ਤੁਹਾਡਾ ਪ੍ਰਬੰਧ ਅਸਫਲ ਹੋਇਆ ਹੈ। ਮੁਖ ਮੰਤਰੀ ਨੇ ਕਿਹਾ ਕਿ ਅਸੀਂ ਆਪ ਇਸ ਬਾਰੇ ਬਹੁਤ ਪਰੇਸ਼ਾਨ ਹਾਂ। ਉਹਨਾਂ ਕਿਹਾ ਕਿ ਅਸੀਂ ਸ਼ਰਾਤਰੀ ਅਨਸਰਾਂ ਦੇ ਵਿਰੁਧ ਸਖਤ ਕਾਰਵਾਈ ਕਰਾਂਗੇ। ਪੁਲਿਸ ਦਾ ਮੁਖ ਕਹਿਣ ਲੱਗਾ ਕਿ ਅਸੀਂ ਸੌ ਦੇ ਕਰੀਬ ਬੰਦੇ ਫੜੇ ਹਨ। ਮੈਂ ਗੱਲਬਾਤ ਦੌਰਾਨ ਪੁਲਿਸ ਦੇ ਐਸ ਪੀ ਨੂੰ ਓਥੋਂ ਹਟਾਏ ਜਾਣ ਦੀ ਮੰਗ ਕੀਤੀ ਤਾਕਿ ਪ੍ਰਭਾਵਿਤ ਲੋਕਾਂ ਦਾ ਵਿਸ਼ਵਾਸ ਮੁੜ ਜਿਤਿਆ ਜਾ ਸਕੇ। ਤੀਜੀ ਗੱਲ ਮੈਂ ਉਹਨਾਂ ਨੂੰ ਕਹੀ ਕਿ ਜਿਵੇਂ ਤੁਸੀਂ ਚਾਹੁੰਦੇ ਹੋ ਕਿ ਵਿਦਿਆਰਥੀ ਮੁੜ ਵਾਪਸ ਆਉਣ ਤਾਂ ਉਹਨਾਂ ਲਈ ਕਾਲਜ ਦੇ ਕੈਂਪਸ ਵਿਚ ਉਹਨਾਂ ਦੇ ਰਹਿਣ ਦਾ ਪ੍ਰਬੰਧ ਕੀਤਾ ਜਾਏ। ਤਿੰਨ ਮਹੀਨੇ ਦਾ ਸਮਾਂ ਵਿਚ ਹੈ। ਇਸ ਸਮੇਂ ਵਿਚ ਕੰਮ ਚਲਾਊ ਹੋਸਟਲ ਉਸਾਰੇ ਜਾ ਸਕਦੇ ਹਨ। ਮੁਖ ਮੰਤਰੀ ਨੇ ਮੇਰਾ ਇਹ ਸੁਝਾਅ ਮੰਨ ਲਿਆ। ਮੈਂ ਉਹਨਾਂ ਨੂੰ ਆਖਿਆ ਕਿ ਜੇ ਤੁਸੀਂ ਦੋਸ਼ੀਆਂ ਨੂੰ ਸਜ਼ਾਵਾਂ ਦੇ ਦਿਓ ਤਾਂ ਦਿੱਲੀ ਵਿਚ ਮੈਂ ਕਹਿ ਸਕਾਂਗਾ ਕਿ ਚਲੋਂ ਜਨਤਾ ਸਰਕਾਰ ਨੇ ਦੋਸ਼ੀਆਂ ਨੂੰ ਵਾਜਬ ਸਜ਼ਾਵਾਂ ਤਾਂ ਦੇ ਦਿੱਤੀਆਂ ਜਦ ਕਿ 84 ਦੇ ਦੰਗਿਆਂ ਦੇ ਦੋਸ਼ੀਆਂ ਨੂੰ ਦਿੱਲੀ ਦੀ ਸਰਕਾਰ ਕੋਈ ਸਜ਼ਾ ਨਾ ਦੇ ਸਕੀ। ਨਹੀਂ ਤਾਂ ਕਾਂਗਰਸ ਤੇ ਜਨਤਾ ਸਰਕਾਰ ਵਿਚ ਕੋਈ ਫਰਕ ਨਹੀਂ ਹੋਵੇਗਾ।

**? ਕੀ ਤੁਹਾਨੂੰ ਵਿਸ਼ਵਾਸ ਹੈ ਕਿ ਕਰਨਾਟਕ ਸਰਕਾਰ ਸਿੱਖਾਂ ਨਾਲ ਨਿਆਂ ਕਰੇਗੀ ?**

ਉਹਨਾਂ ਨੂੰ ਜੋ ਗੱਲਾਂ ਮੈਂ ਕਹੀਆਂ ਹਨ ਉਨ੍ਹਾਂ ਨੇ ਮੰਨ ਲਈਆਂ ਹਨ। ਅਸੀਂ ਉਹਨਾਂ ਦੀ ਇਮਾਨਦਾਰੀ ਦੀ ਆਸ ਹੀ ਕਰ ਸਕਦੇ ਹਾਂ। ਉਹਨਾਂ ਸੌ ਬੰਦੇ ਫੜੇ ਵੀ ਹਨ।

**? ਮਾਰੇ ਲੁਟੇ ਗਏ ਲੋਕਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਦੁਆਉਣ ਸੰਬੰਧੀ ਕੀ ਤੁਸੀਂ ਕਰਨਾਟਕਾ ਸਰਕਾਰ ਨਾਲ ਕੋਈ ਮੰਗ ਉਠਾਈ ਹੈ ?**

ਮੇਰਾ ਖਿਆਲ ਹੈ ਕਿ ਕਰਨਾਟਕ ਦੀ ਸਰਕਾਰ ਨੇ ਜਿਹੜਾ ਇਸ ਕਾਂਡ ਵਿਚ ਮਾਰਿਆ ਗਿਆ ਹੈ ਉਸ ਲਈ ਪੰਜ ਹਜ਼ਾਰ ਰੁਪਏ ਅਤੇ ਜਿਹੜਾ ਜ਼ਖਮੀ ਹੋਇਆ ਹੈ ਉਸ ਲਈ ਇਕ ਹਜ਼ਾਰ ਰੁਪਏ ਦੇਣ ਦਾ ਐਲਾਨ ਕੀਤਾ ਹੈ ਜੋ ਕਿ ਬਹੁਤ ਹੀ ਘੱਟ ਹੈ। ਇਸ ਸੰਬੰਧੀ ਮੈਂ ਕਰਨਾਟਕ ਸਰਕਾਰ ਨੂੰ ਲਿਖਿਆ ਹੈ ਕਿ ਮਾਰੇ ਗਏ ਵਿਅਕਤੀ ਦੇ ਪਰਿਵਾਰ ਨੂੰ ਘਟੋ ਘਟ ਇਕ ਲੱਖ ਰੁਪਏ ਦਿਤੇ ਜਾਣ।

ਅੰਤ ਵਿਚ ਮੈਂ ਹੈਦਰਾਬਾਦ ਦੀ ਸਿੱਖ ਸੰਗਤ ਦਾ ਧੰਨਵਾਦ ਕੀਤੇ ਬਿਨਾਂ ਨਹੀਂ ਰਹਿ ਸਕਦਾ ਜਿਨ੍ਹਾਂ ਨੇ ਬਿਦਰ ਦੇ ਪ੍ਰਭਾਵਿਤ ਸਿਖ ਪਰਿਵਾਰਾਂ ਅਤੇ ਉਹਨਾਂ ਦੇ ਬਾਹਰੋਂ ਆਏ ਸੰਬੰਧੀਆਂ ਦੀ ਤਹਿ ਦਿਲੋਂ ਸੇਵਾ ਕੀਤੀ ਹੈ ਅਤੇ ਹੈਦਰਾਬਾਦ ਗੁਰਦੁਆਰੇ ਵਿਚ ਉਹਨਾਂ ਦੇ ਰਹਿਣ ਦਾ ਖੁਲ੍ਹਾ ਪ੍ਰਬੰਧ ਕੀਤਾ।

# ਕਾਰਗਿਲ ਨੇੜੇ ਝੜਪਾਂ : ਕਈ ਜਵਾਨ ਹਲਾਕ

ਸ੍ਰੀਨਗਰ — ਇਥੇ ਪੁਜੀਆਂ ਖਬਰਾਂ ਅਨੁਸਾਰ ਕਾਰਗਿਲ ਖੇਤਰ ਵਿਚ ਭਾਰਤੀ ਅਤੇ ਪਾਕਿਸਤਾਨੀ ਸੈਨਿਕਾਂ ਵਿਚ ਝੜਪਾਂ ਹੋਣ ਕਾਰਨ ਕਈ ਸੈਨਿਕ ਮਾਰੇ ਗਏ ਜਾਂ ਫੱਟੜ ਹੋ ਗਏ। ਦੱਸਿਆ ਗਿਆ ਹੈ ਕਿ ਪਾਕਿਸਤਾਨੀ ਸੈਨਿਕਾਂ ਨੇ ਦਲਾਨੰਗ ਚੌਕੀ ਤੋਂ ਭਾਰਤੀ ਸੈਨਿਕਾਂ ਉਤੇ ਬਿਨਾਂ ਕਿਸੇ ਭੜਕਾਹਟ ਅੰਨ੍ਹੇਵਾਹ ਗੋਲੀਆਂ ਚਲਾਈਆਂ। ਪਾਕਿ ਸੈਨਿਕਾਂ ਨੇ ਪਿਛਲੇ ਮਹੀਨੇ ਇਹ ਚੌਕੀ ਭਾਰਤੀ ਜਵਾਨਾਂ ਤੋਂ ਖੋਹੀ ਸੀ। ਭਾਰਤੀ ਸੈਨਿਕਾਂ ਵਲੋਂ ਵੀ ਜਵਾਬੀ ਗੋਲਾਬਾਰੀ ਕੀਤੀ ਗਈ ਜਿਸ ਕਾਰਨ ਕਈ ਪਾਕਿਸਤਾਨੀ ਸੈਨਿਕ ਮਾਰੇ ਗਏ। ਭਾਰਤੀ ਸੈਨਿਕਾਂ ਦੇ ਜਾਨੀ ਨੁਕਸਾਨ ਬਾਰੇ ਵੀ ਕੋਈ ਵੇਰਵੇ ਨਹੀਂ ਮਿਲੇ।

ਉਧਰ ਕੋਈ ਇਕ ਮਹੀਨੇ ਦੀ ਖਾਮੋਸ਼ੀ ਪਿਛੋਂ ਪਾਕਿ ਵਿਚ ਸਿਖਲਾਈ ਲੈ ਕੇ ਪਰਤੇ ਕੱਟੜਪੰਥੀਆਂ ਵਲੋਂ ਬਡਸ਼ਾਹ ਪੁਲ ਅਤੇ ਡੀ ਆਈ ਜੀ ਦੇ ਦਫਤਰ ਨੂੰ ਬੰਬਾਂ ਨਾਲ ਉਡਾਉਣ ਦੀ ਕੋਸ਼ਿਸ਼ ਕੀਤੀ ਗਈ। ਇਸ ਧਮਾਕੇ ਕਾਰਨ ਬਡਸ਼ਾਹ ਪੁਲ ਨੂੰ ਕੁਝ ਨੁਕਸਾਨ ਪੁਜਾ ਅਤੇ ਇਕ ਵਿਅਕਤੀ ਫੱਟੜ ਹੋ ਗਿਆ।

ਪੁਲਿਸ ਨੇ ਇਸ ਸੰਬੰਧ ਵਿਚ ਪੰਜ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ ਅਤੇ ਉਨ੍ਹਾਂ ਕੋਲੋਂ ਪੁੱਛਗਿਛ ਕੀਤੀ ਜਾ ਰਹੀ ਹੈ। ਪੁਲੀਸ ਨੇ ਹੁਣ ਤਕ ਕੋਈ 60 ਕੱਟੜਪੰਥੀਆਂ ਨੂੰ ਗ੍ਰਿਫਤਾਰ ਕੀਤਾ ਹੈ ਅਤੇ ਪੁਲੀਸ ਨੂੰ ਉਮੀਦ ਸੀ ਕਿ ਇਨ੍ਹਾਂ ਗ੍ਰਿਫਤਾਰੀਆਂ ਨਾਲ ਸਥਿਤੀ ਵਿਚ ਸੁਧਾਰ ਹੋਵੇਗਾ ਪਰ ਇਨ੍ਹਾਂ ਬੰਬ ਧਮਾਕਿਆਂ ਤੋਂ ਇਹ ਸਪਸ਼ਟ ਹੋ ਗਿਆ ਹੈ ਕਿ ਪਾਕਿ ਸਮਗਲਰ ਕੱਟੜਪੰਥੀ ਅਜੇ ਸਰਗਰਮ ਹਨ। ਸ੍ਰੀਨਗਰ ਦੇ ਟੀ. ਵੀ. ਕੇਂਦਰ ਦੀ ਬਾਹਰਲੀ ਦੀਵਾਰ ਨੂੰ ਵੀ ਬੰਬ ਧਮਾਕੇ ਕਾਰਨ ਨੁਕਸਾਨ ਪੁਜਾ ਪਰ ਕਿਸੇ ਜਾਨੀ ਨੁਕਸਾਨ ਤੋਂ ਬਚਾਓ ਹੋ ਗਿਆ। ਬਾਅਦ ਦੀਆਂ ਖਬਰਾਂ ਵਿਚ ਕਿਹਾ ਗਿਆ ਕਿ ਬੰਬ ਧਮਾਕਾ ਡੀ ਆਈ ਜੀ ਦੇ ਦਫਤਰ ਸਾਹਮਣੇ ਨਹੀਂ ਸਗੋਂ ਨੁਮਾਇਸ਼ ਗਰਾਊਂਡ ਨੇੜੇ ਹੋਇਆ।

BOOK NOW FLY LATER SAVE MONEY



SPECIAL FARES TO:
San Francisco Toronto London

Cheapest Fares To New Delhi, Bombay, Madras, Calcutta, Karachi, Colombo & Kathmandu

WE ARE AUTHORIZED AGENTS FOR.
JAL JAPAN AIR LINES
AIR CANADA
CATHAY PACIFIC
Canadian
Wardair Canada
KLM
UNITED

Goyal Travels Inc.
4152 Fraser St., Vancouver, B.C. V5V 4E8
PH. (604) 877-7777
TOLL FREE From B.C., Alberta, Saskatchewan & Manitoba.
1-800-663-8638
CALGARY Ph. (403) 235-6808
TORONTO (416) 593-6966

# ਪੰਜਾਬੀ ਵਰਸਿਟੀ ਦੇ ਫੈਸਲਿਆਂ ਵਿਰੁਧ ਲੇਖਕ ਧਰਨਾ ਦੇਣਗੇ

ਪਟਿਆਲਾ — ਕੇਂਦਰੀ ਪੰਜਾਬੀ ਲੇਖਕ ਸਭਾ (ਰਜਿਸਟਰਡ) ਨੇ ਐਲਾਨ ਕੀਤਾ ਹੈ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਹਾਲ ਵਿਚ ਹੀ ਲਏ ਗਏ ਪੰਜਾਬੀ ਵਿਰੋਧੀ ਫੈਸਲਿਆਂ ਖਿਲਾਫ ਰੋਸ ਪ੍ਰਗਟ ਕਰਨ ਲਈ 30 ਨਵੰਬਰ ਨੂੰ ਵੀ. ਸੀ. ਦੇ ਦਫਤਰ ਅੱਗੇ ਧਰਨਾ ਦਿੱਤਾ ਜਾਏਗਾ। ਇਹ ਫੈਸਲਾ ਲੇਖਕ ਸਭਾ ਦੀ ਕਾਰਜਕਾਰਨੀ ਨੇ ਹਾਲ ਵਿਚ ਹੀ ਲੁਧਿਆਣਾ ਵਿਖੇ ਹੋਈ ਇਕ ਮੀਟਿੰਗ ਵਿਚ ਕੀਤਾ।

ਕਾਰਜਕਾਰਨੀ ਨੇ ਡੂੰਘਾ ਅਫਸੋਸ ਪ੍ਰਗਟ ਕਰਦਿਆਂ ਕਿਹਾ ਕਿ ਪੰਜਾਬੀ ਯੂਨੀਵਰਸਿਟੀ, ਜਿਸ ਦੀ ਸਥਾਪਨਾ ਹੀ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਵਿਕਾਸ ਲਈ ਹੋਈ ਸੀ, ਨੇ ਨਵੀਂ ਵਿਦਿਅਕ ਨੀਤੀ ਅਧੀਨ ਪੰਜਾਬੀ ਅਧਿਆਪਨ ਦੀ ਪਹਿਲੀ ਵਿਵਸਥਾ ਦੇ ਮੁਕਾਬਲੇ ਪੰਜਾਬੀ ਦੀ ਪੜ੍ਹਾਈ ਨੂੰ ਲਗਭਗ 70 ਪ੍ਰਤੀਸ਼ਤ ਘਟਾ ਦਿਤਾ ਹੈ। ਜਿਥੇ ਅਗੇ ਤਿੰਨ ਸਾਲਾ ਡਿਗਰੀ ਕੋਰਸ ਵਿਚ ਪੰਜਾਬੀ ਦਾ ਲਾਜ਼ਮੀ ਮਜ਼ਮੂਨ ਹਰ ਸਾਲ ਪੜ੍ਹਾਇਆ ਜਾਂਦਾ ਸੀ ਉਥੇ ਹੁਣ ਇਹ ਕੇਵਲ ਪਹਿਲੇ ਦੋ ਸਾਲ ਹੀ ਪੜ੍ਹਾਇਆ ਜਾਵੇਗਾ। ਨਾ ਕੇਵਲ ਇਹ ਸਗੋਂ ਜਿਥੇ ਪਹਿਲਾਂ ਪੰਜਾਬੀ ਦੇ ਲਾਜ਼ਮੀ ਵਿਸ਼ੇ ਨੂੰ ਪੰਜ ਪੀਰੀਅਡਜ਼ ਦਿੱਤੇ ਜਾਂਦੇ ਸਨ, ਹੁਣ ਘਟਾ ਕੇ ਕੇਵਲ ਤਿੰਨ ਪੀਰੀਅਡਜ਼ ਦੀ ਵਿਵਸਥਾ ਕਰ ਦਿੱਤੀ ਗਈ ਹੈ।

ਪੰਜਾਬੀ ਸਾਹਿਤ ਦੇ ਇਕ ਪਰਚੇ ਨੂੰ ਜਿਥੇ ਅੱਗੇ 9 ਪੀਰੀਅਡਜ਼ ਦਿਤੇ ਜਾਂਦੇ ਸਨ, ਹੁਣ ਇਸ ਦੇ ਦੋ ਪਰਚੇ ਬਣਾ ਦਿੱਤੇ ਹਨ, ਜਿਸ ਕਰਕੇ ਇਸ ਲਈ ਬਾਰਾਂ ਪੀਰੀਅਡਜ਼ ਦੀ ਵਿਵਸਥਾ ਹੋਣੀ ਚਾਹੀਦੀ ਸੀ ਪਰ ਇਸ ਨੂੰ ਕੇਵਲ 6 ਪੀਰੀਅਡਜ਼ ਦਿੱਤੇ ਗਏ ਹਨ। ਲੇਖਕ ਸਭਾ ਦੇ ਜਨਰਲ ਸਕੱਤਰ ਰਵਿੰਦਰ ਸਿੰਘ ਰਵੀ ਨੇ ਸਮੂਹ ਲੇਖਕ ਸਭਾਵਾਂ, ਪੰਜਾਬੀ ਲੇਖਕਾਂ, ਬੁਧੀਜੀਵੀਆਂ ਤੇ ਅਧਿਆਪਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਹੁਮ-ਹੁਮਾ ਕੇ ਇਸ ਧਰਨੇ ਵਿਚ ਸ਼ਾਮਲ ਹੋਣ।


# UJJAL DOSANJH
## LAWYER
#202—5887 VICTORIA DRIVE,
VANCOUVER, B.C. V5P 3W5

## ਆਪਣੀ ਬੋਲੀ ਵਿਚ ਗੱਲ ਕਰਨੀ ਸੌਖੀ ਹੈ

- ਆਈ. ਸੀ. ਬੀ. ਸੀ.
- ਡਾਈਵੋਰਸ (ਤਲਾਕ) ਅਤੇ ਪ੍ਰੀਵਾਰਕ (ਫੈਮਿਲੀ) ਕੇਸ
- ਇੰਮੀਗਰੇਸ਼ਨ ਦੀਆਂ ਅਪੀਲਾਂ
- ਅਦਾਲਤਾਂ ਦੇ ਹੋਰ ਕਈ ਕਿਸਮ ਦੇ ਕੇਸ

ਹੋਰ ਜਾਣਕਾਰੀ ਲਈ ਫ਼ੋਨ ਕਰੋ :
**ਉਜੱਲ ਦੁਸਾਂਝ**
**PHONE 327-6381**

## ਜਾਇਦਾਦ ਖ੍ਰੀਦਣੀ ਜਾਂ ਵੇਚਣੀ ਚਾਹੁੰਦੇ ਹੋ ?



ਭੁਪਿੰਦਰ ਸਿੰਘ ਸੋਢੀ

ਫਾਰਮ, ਘਰ, ਲਾਟ ਜਾਂ ਕਮਰਸ਼ੀਅਲ ਜਾਇਦਾਦ ਖ੍ਰੀਦਣ ਜਾਂ ਵੇਚਣ ਤੋਂ ਪਹਿਲਾਂ ਸਾਨੂੰ ਜ਼ਰੂਰ ਮਿਲੋ। ਅਸੀਂ ਤੁਹਾਨੂੰ ਅੱਛੀ ਡੀਲ ਦਿਵਾਉਣ ਵਿਚ ਮਦਦ ਕਰਾਂਗੇ

**ਭੁਪਿੰਦਰ ਸਿੰਘ ਸੋਢੀ**
**PH. Bus. 437-9431**
**Res. 434-8987**
**UNITED REALTY**
2443 Kingsway, Vancouver, B.C.
V5R 5G8

# A NEW RIDING A NEW CANDIDATE

## ਡਾਨ ਬਲੈਕ — ਐਨ. ਡੀ. ਪੀ. ਨੀਊਵੈਸਟ-ਬਰਨਬੀ ਨੂੰ ਜਿਤਾਓ

### Meet Dawn Black

- DAWN BLACK, , has been executive assistant to Pauline Jewett, MP, for nine years.
- DAWN BLACK chaired the Local Advisory Council, working with Canada Employment and Immigration to recommend job creation programs and improve job opportunities for local residents.
- DAWN BLACK is a founder and member of the Bounaby-based Public Education for Peace Society.

ਇਲੈਕਸ਼ਨ ਕੰਪੇਨ ਲਈ ਵਲੰਟੀਅਰਾਂ ਦੀ ਲੋੜ ਹੈ।
ਵਲੰਟੀਅਰ ਬਣਨ ਲਈ ਫ਼ੋਨ ਕਰੋ :
520-3540

## ਡਾਨ ਬਲੈਕ ਨੂੰ ਜਿਤਾਓ

### ਡਾਨ ਬਲੈਕ ਤੁਹਾਡੀ ਵੋਟ ਦੀ ਹੱਕਦਾਰ ਹੈ ਕਿਉਂਕਿ

- ਡਾਨ ਬਲੈਕ ਨੌਂ ਸਾਲ ਪਾਲੀਨ ਜੂਐਟ ਐਮ. ਪੀ. ਦੀ ਐਗਜ਼ੈਕਟਿਵ ਅਸਿਸਟੈਂਟ ਰਹੀ ਹੈ ਜਿਸ ਕਾਰਨ ਉਹ ਤਜਰਬੇਕਾਰ ਹੈ।
- ਜੌਬਾਂ ਪੈਦਾ ਕਰਨ ਵਾਲੀ ਤੇ ਕੰਮਾਂ ਦੇ ਮੌਕੇ ਪੈਦਾ ਕਰਨ ਵਾਲੀ ਲੋਕਲ ਐਡਵਾਇਜ਼ਰੀ ਕੌਂਸਲ ਦੀ ਪ੍ਰਧਾਨ ਹੈ।
- ਡਾਨ ਬਲੈਕ ਅਮਨ ਸੁਸਾਇਟੀ ਦੀ ਪਬਲਿਕ ਐਜੂਕੇਸ਼ਨ ਦੀ ਬਾਨੀ ਮੈਂਬਰ ਹੈ
- ਡਾਨ ਬਲੈਕ ਵੈਸਟਮਿਨਸਟਰ ਕਮਿਊਨਿਟੀ ਲੀਗਲ ਸਰਵਿਸਜ਼ ਸੁਸਾਇਟੀ, ਸੈਲੀਬਰੇਸ਼ਨ 88 (ਓਲਿੰਪਕ) ਕਮੇਟੀ ਤੇ ਲੈਕਰੋਜ਼ੀ ਕਲੱਬ ਦੀ ਮੈਂਬਰ ਹੈ।



Authorized by Dennis Cocke, Official Agent

7879 Edmonds Street
Burnaby, B.C.
V3N 1B9
520-3540

THE NEW DEMOCRATS

**Dawn Black • New Democrat • New Westminster - Burnaby**

# ਨਛੱਤਰ ਸਿੰਘ ਦੀ ਹੱਤਿਆ ਦੀ ਸਭ ਪਾਸਿਓਂ ਨਿੰਦਾ

ਚੰਡੀਗੜ੍ਹ — ਪੰਜਾਬ ਦੀਆਂ ਵੱਖ ਵੱਖ ਮੁਲਾਜ਼ਮ ਅਤੇ ਮਜ਼ਦੂਰ ਜਥੇਬੰਦੀਆਂ ਨੇ ਟਰੇਡ ਯੂਨੀਅਨ ਨੇਤਾ ਨਛੱਤਰ ਸਿੰਘ ਧਾਲੀਵਾਲ ਦੀ ਹੱਤਿਆ ਉਪਰ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

ਟਰੇਡ ਯੂਨੀਅਨ ਨੇਤਾ ਪਿਆਰਾ ਸਿੰਘ ਦਿਉਸੀ ਅਤੇ ਮਦਨ ਲਾਲ ਦੀਦੀ, ਖੇਤ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਰੁਲਦੂ ਖਾਨ, ਇਸਤਰੀ ਸਭਾ ਦੀ ਨੇਤਾ ਸ੍ਰੀਮਤੀ ਬਿਮਲਾ ਡਾਂਗ, ਕਿਸਾਨ ਸਭਾ ਦੇ ਆਗੂ ਡਾ. ਜੋਗਿੰਦਰ ਦਿਆਲ ਅਤੇ ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ ਦੇ ਨੇਤਾ ਸ੍ਰੀ ਰਣਬੀਰ ਢਿੱਲੋਂ ਨੇ ਕਿਹਾ ਹੈ ਕਿ ਇਹ ਅਤਿਵਾਦੀਆਂ ਦੀ ਕਾਇਰਾਂ ਵਾਲੀ ਕਾਰਵਾਈ ਹੈ ਜਿਸ ਦੀ ਉਹ ਸਖਤ ਸ਼ਬਦਾਂ ਨਾਲ ਨਿੰਦਾ ਕਰਦੇ ਹਨ। ਉਨ੍ਹਾਂ ਕਿਹਾ ਕਿ ਕੌਮ ਵਿਰੋਧੀ ਅਤਿਵਾਦੀਆਂ ਵਿਰੁਧ ਲੜਾਈ ਜਾਰੀ ਰਹੇਗੀ। ਅਤਿਵਾਦੀ ਉਨ੍ਹਾਂ ਦੀ ਆਵਾਜ਼ ਨੂੰ ਚੁਪ ਨਹੀਂ ਕਰਵਾ ਸਕਦੇ।

ਉਨ੍ਹਾਂ ਕਿਹਾ ਕਿ ਸ੍ਰੀ ਨਛੱਤਰ ਸਿੰਘ ਲੰਮੇ ਸਮੇਂ ਤਕ ਪੰਜਾਬ ਰੋਡਵੇਜ਼ ਯੂਨੀਅਨ ਦੇ ਪ੍ਰਧਾਨ ਰਹੇ। ਉਹ ਆਪਣੇ ਭਾਈਚਾਰੇ ਵਿਚ "ਬਾਈ ਨਛੱਤਰ ਸਿੰਘ" ਕਰ ਕੇ ਜਾਣੇ ਜਾਂਦੇ ਸਨ। ਉਨ੍ਹਾਂ ਨੇ ਪੰਜਾਬ ਰੋਡਵੇਜ਼ ਦੇ ਮੁਲਾਜ਼ਮਾਂ ਦੇ ਹੱਕਾਂ ਲਈ ਲੜੀਆਂ ਲੜਾਈਆਂ ਵਿਚ ਉਘਾ ਹਿਸਾ ਪਾਇਆ ਸੀ। ਪਿਛਲੇ ਦਿਨੀਂ ਉਨ੍ਹਾਂ ਨੇ 30 ਹਜ਼ਾਰ ਰੁਪਏ ਇਕੱਠੇ ਕਰ ਕੇ ਹੜ੍ਹ ਪੀੜਤਾਂ ਨੂੰ ਮੱਦਦ ਲਈ ਦਿੱਤੇ ਸਨ।

ਸਟੇਟ ਬੈਂਕ ਆਫ ਇੰਡੀਆ ਦੇ ਚੀਫ ਜਨਰਲ ਮੈਨੇਜਰ ਟੀ. ਵੀ. ਕਿਨੀ ਨੇ ਰਾਜਪਾਲ ਸ੍ਰੀ ਰੇਅ ਨੂੰ ਹੜ੍ਹ ਪੀੜਤਾਂ ਦੀ ਮੱਦਦ ਲਈ 6 ਲੱਖ ਰੁਪਏ ਦਾ ਚੈਕ ਦਿੱਤਾ ਹੈ। ਉਨ੍ਹਾਂ ਨੇ ਹਰਿਆਣਾ ਦੇ ਹੜ੍ਹ ਪੀੜਤਾਂ ਲਈ ਮੁਖ ਮੰਤਰੀ ਚੌਧਰੀ ਦੇਵੀ ਲਾਲ ਨੂੰ ਤਿੰਨ ਲੱਖ ਰੁਪਏ ਦਾ ਚੈਕ ਦਿੱਤਾ ਹੈ।

ਮੋਗਾ ਤੋਂ ਸਾਡੇ ਨੁਮਾਇੰਦੇ ਅਮਰ ਸਿੰਘ ਵਲੋਂ ਭੇਜੀ ਸੂਚਨਾ ਅਨੁਸਾਰ ਨਛੱਤਰ ਸਿੰਘ ਨੇ ਮੋਗਾ ਤੋਂ ਆਪਣੇ ਪਿੰਡ ਜਾਣ ਲਈ ਪੰਜਾਬ ਰੋਡਵੇਜ਼ ਦੀ ਬੱਸ ਲਈ। ਸ਼ਾਮੀ 6.30 ਜਦੋਂ ਉਹ ਪਿੰਡ ਦੇ ਬੱਸ ਅੱਡੇ 'ਤੇ ਪਹੁੰਚ ਕੇ ਬੱਸ ਵਿਚੋਂ ਬਾਹਰ ਉਤਰਿਆ ਤਾਂ ਦੋ ਅਣਪਛਾਤੇ ਵਿਅਕਤੀ ਉਸ ਦੇ ਪਿਛੇ ਪਿਛੇ ਚਲ ਪਏ।

ਕੁਝ ਹੀ ਦੂਰੀ 'ਤੇ ਜਾ ਕੇ ਉਨ੍ਹਾਂ ਨੇ ਭਾਰਤੀ ਕਮਿਊਨਿਸਟ ਪਾਰਟੀ ਨਾਲ ਸੰਬੰਧਤ ਟਰੇਡ ਯੂਨੀਅਨ ਆਗੂ ਨੂੰ ਗੋਲੀਆਂ ਮਾਰ ਕੇ ਧਰਤੀ ਤੇ ਸੁੱਟ ਦਿੱਤਾ। ਆਸੇ-ਪਾਸੇ ਜਾ ਰਹੇ ਕੁਝ ਹੋਰ ਲੋਕਾਂ ਨੇ ਦਹਿਸ਼ਤਗਰਦਾਂ ਨੂੰ ਜੱਫਾ ਮਾਰਨ ਦੀ ਕੋਸ਼ਿਸ਼ ਕੀਤੀ




BC's Tory Team

BC's Tory Team

BC's Tory Team

BC's Tory Team

**ਵੋਟ ਕਲਿ.ਫ ਬਲੇਅਰ ਨੂੰ ਪਾਓ**

**ਪ੍ਰਵਾਰਾਂ ਦੀ ਹਮੇਸ਼ਾ ਖੁਸ਼ੀ ਲਈ**

ਕਲਿਫ ਬਲੇਅਰ — ਤਿੰਨ ਬੱਚਿਆਂ ਦਾ ਬਾਪ ਤੇ ਪਤਨੀ ਲਈ ਵਧੀਆ ਪਤੀ ਜੋ ਪ੍ਰਵਾਰਕ ਏਕਤਾ ਲਈ ਵਚਨਬੱਧ ਹੈ।

— ਸੰਸਾਰ ਅਮਨ ਦਾ ਹਾਮੀ ਹੈ

— ਮਨੁੱਖੀ ਹੱਕਾਂ ਅਤੇ ਇਕੋ ਜਿਹੇ ਮਾਣ ਇਜ਼ਤ ਲਈ ਵਚਨ-ਵੱਧ ਹੈ

**SURREY NORTH**

**CLIFF BLAIR CAMPAIGN H.Q.**

**583-4119 10558 KING GEO. HWY**

Authorized by Paul Mosher, Official Agent for Cliff Blair


## ਕਮਿਊਨਿਟੀ ਖਬਰਾਂ — ਤਸਵੀਰਾਂ ਦੀ ਜ਼ਬਾਨੀ



ਪਿਛਲੇ ਦਿਨੀਂ ਵੀਡੀਓ ਸਟੇਸ਼ਨ (ਸਰੀ ਤੇ ਬਰਨਬੀ) ਦੇ ਮਾਲਕ ਬਲਦੇਵ ਮਾਨ ਦੇ ਛੋਟੇ ਭਰਾ ਦੇਵਿੰਦਰ ਮਾਨ (ਲਾਲੀ) ਦਾ ਵਿਆਹ ਪ੍ਰਿੰਸ ਰੂਪਰਟ ਵਿਚ ਬੀਬੀ ਅਮਰਜੀਤ ਸਪੁੱਤਰੀ ਸ: ਪ੍ਰੀਤਮ ਸਿੰਘ ਸੰਧੂ ਨਾਲ ਹੋਇਆ। ਵਿਆਹ ਉਤੇ ਇੰਡੀਆ ਤੋਂ ਦੇਵਿੰਦਰ ਤੇ ਬਲਦੇਵ ਦੇ ਮਾਤਾ ਜੀ ਪਵਿੱਤਰ ਕੌਰ ਮਾਨ ਵੀ ਪਹੁੰਚੇ ਹੋਏ ਸਨ।



ਪਿਛਲੇ ਦਿਨੀਂ ਪ੍ਰਿੰਸ ਰੂਪਰਟ ਵਿਚ ਗੁਰੂ ਘਰ ਦੇ ਸਾਬਕਾ ਪ੍ਰਧਾਨ ਹਾਕਮ ਸਿੰਘ ਹਾਂਸ ਤੇ ਬਲਜੀਤ ਕੌਰ ਹਾਂਸ ਨੇ ਸ਼ਾਦੀ ਦੀ ਸਿਲਵਰ ਜੁਬਲੀ ਮਨਾਈ। ਤਸਵੀਰ ਵਿਚ ਦਿਸਦੇ ਹਨ ਬੈਂਕ ਆਫ਼ ਮਾਂਟਰੀਅਲ ਦੇ ਮੈਨੇਜਰ ਰੌਬ, ਐਡੀਜ਼ ਸ਼ਾਪ ਦੇ ਮਾਲਕ ਬ੍ਰਿਜ ਸ਼ਰਮਾ ਤੇ ਜਗਤਾਰ ਗਿੱਲ




ਪਿਛਲੇ ਦਿਨੀਂ ਪ੍ਰਿੰਸ ਜਾਰਜ ਵਿਚ ਸ਼ੇਰਪੁਰ ਨਿਵਾਸੀ ਤੇ ਸਾਬਕਾ ਸਰਪੰਚ ਸ: ਜਾਗੀਰ ਸਿੰਘ ਗਰੇਵਾਲ ਦੇ ਸਪੁੱਤਰ ਤੇਜਿੰਦਰ ਗਰੇਵਾਲ ਤੇ ਬੀਬੀ ਗੁਰਦੀਪ ਕੌਰ ਸਪੁੱਤਰੀ ਸ: ਬਲਦੇਵ ਸਿੰਘ ਝੋਰੜਾਂ ਤੇ ਫੌਕਸ ਕਰੀਕ ਨਿਵਾਸੀ ਡਾ: ਗੁਰਦੇਵ ਸਰਾਂ ਦੀ ਭਤੀਜੀ ਨਾਲ ਹੋਇਆ। ਮਨਜੀਤ ਗਿੱਲ ਦਿਖਾਈ ਦੇ ਰਹੇ ਹਨ।

AUTOPAC
PROTECTING MANITOBANS ON THE MOVE

## Dorion Insurance Agency

ਤੁਹਾਡੀ ਆਪਣੀ ਕੌਮੀ ਇਨਸ਼ੋਰੈਂਸ ਏਜੰਸੀ ਡੋਰੀਅਨ ਇਨਸ਼ੋਰੈਂਸ ਏਜੰਸੀ

ਹਰ ਪ੍ਰਕਾਰ ਦੀ ਇਨਸ਼ੋਰੈਂਸ ਕਰਵਾਉਣ ਲਈ

- ਆਪਣੇ ਮਕਾਨ • ਵਿਉਪਾਰ • ਕਾਰ ਤੇ ਟਰੱਕ • ਜੀਵਨ ਬੀਮਾ • ਕੰਮ ਸਮੇਂ ਸੱਟ ਲੱਗ ਜਾਣ ਤੇ ਜਾਂ
- ਬੀਮਾਰ ਹੋ ਜਾਣ ਤੇ। • ਆਟੋ ਪੈਕ ਰੀਨੀਊ ਕਰਾਉਣ ਲਈ • ਲਾਈਸੈਂਸ ਪਲੇਟਾ ਲੈਣ ਲਈ
- ਕਾਰ, ਟਰੱਕ, ਮੋਟਰ ਸਾਈਕਲਾਂ ਦੀ ਰਜਿਸਟਰੇਸ਼ਨ ਕਰਵਾਉਣ ਲਈ ਮਿਲੋ ਜਾਂ ਫ਼ੋਨ ਕਰੋ :

ਕੁਲਵੰਤ ਸਿੰਘ ਬਰਾੜ ਫੋਨ : 772-3301 775-1061

**AJANTA TRAVELS**

ਮੈਨੀਟੋਬਾ ਵਿਚ ਹਵਾਈ ਜਹਾਜ਼ਾਂ ਦੀਆਂ ਟਿਕਟਾਂ ਲਈ ਅਜੰਤਾ ਟਰੈਵਲਜ਼ ਨੂੰ ਫੋਨ ਕਰੋ



Kulwant S. Brar
Manager & Owner

## Success Through Service & Experience

AWARD WINNER
OF THE MEDALLION CLUB, MEMBER OF THE I.C.I. DIVISION OF THE REAL ESTATE BOARD OF GREATER VANCOUVER IN BUSINESS SINCE 1971

**For Professional Market Evaluation or Consultation**
**Without any obligation, contact**

Buying, Selling or Trading

ਮਕਾਨ ਵੇਚਣ ਜਾਂ ਖ਼ੀਦਣ ਲਈ ਸਾਡੇ ਨਾਲ ਸੰਪਰਕ ਪੈਦਾ ਕਰੋ

**Ph. Bus: 437-9431 Res: 434-4660**

**UNITED REALTY LTD.**

2443 Kingsway, Vancouver, B.C. V5R 5G8



**Ajaib S. Janda**

# MINT AUTO BODY LTD.

- Complete Professional Auto Body Repairs and Refinishing on all makes and models
- I.C.B.C. claims handled promptly
- Complete framework ■ UNI - BODY repairs
- All work conditionally guaranteed
- Free estimates ■ Courtesy cars

ਕਾਰਾਂ, ਵੈਨਾਂ ਅਤੇ ਪਿਕ-ਅੱਪ ਟਰੱਕਾਂ ਦੀ ਅੱਛੀ ਤੇ ਪ੍ਰੋਫੈਸ਼ਨਲ ਮੁਰੰਮਤ ਲਈ ਅਤੇ ਤਸੱਲੀਬਖ਼ਸ਼ ਪੇਂਟਿੰਗ ਲਈ ਸਾਨੂੰ ਸੇਵਾ ਦਾ ਮੌਕਾ ਦਿਉ



**Bhupinder(Bob) Sihota**



For further information call:

**Bhupinder(Bob) Sihota**

**Ph. 433-1207**

**Mint Auto Body Ltd.**

5590 Lane Street, BURNABY, B.C. V5H 2H5



# ਪ੍ਰਿੰਸ ਰੂਪਰਟ, ਟੈਰਸ, ਕਿਟੀਮੈਟ ਅਤੇ ਹੂਸਟਨ ਦੇ ਇਲਾਕੇ ’ਚ ਪਹਿਲਾ ਰੇਡੀਓ ਪ੍ਰੋਗਰਾਮ

ਟੈਰਸ — ਬੀ. ਸੀ. ਦੇ ਉਪਰੋਕਤ ਇਲਾਕੇ ’ਚ ਰਹਿ ਰਹੇ ਭਾਰਤੀ ਅਤੇ ਪਾਕਿਸਤਾਨੀ ਕਮਿਊਨਿਟੀ ਦੇ ਲੋਕਾਂ ਦੇ ਮਨੋਰੰਜਨ ਲਈ FM ਤੋਂ ਇਕ ਪ੍ਰੋਗਰਾਮ ਸ਼ੁਰੂ ਕੀਤਾ ਜਾ ਰਿਹਾ ਹੈ ।

‘ਗੁਲਦਸਤਾ’ ਨਾਂ ਦਾ ਇਹ ਪ੍ਰੋਗਰਾਮ ਹਰ ਸ਼ਨਿਚਰਵਾਰ ਰਾਤ 9.05 ਤੋਂ ਲੈ ਕੇ 9.30 ਤੱਕ ਸੁਣਿਆ ਜਾ ਸਕੇਗਾ । ਇਸ ਪ੍ਰੋਗਰਾਮ ਵਿਚ ਹਿੰਦੀ, ਪੰਜਾਬੀ ਅਤੇ ਉਰਦੂ ਗੀਤਾਂ ਤੋਂ ਇਲਾਵਾ ਡਰਾਮੇ ਅਤੇ ਸੂਚਨਾਵਾਂ ਵੀ ਦਿੱਤੀਆਂ ਜਾਇਆ ਕਰਨਗੀਆਂ ।

ਇਲਾਕੇਵਾਰ ਫਰੀਕੁਐਂਸੀ ਇਸ ਤਰ੍ਹਾਂ ਹੈ :—

ਪ੍ਰਿੰਸ ਰੂਪਰਟ ਅਤੇ ਬੀ. ਸੀ. ਫੈਰੀਜ਼ — 101.9 FM
ਟੈਰੇ, ਕਿਟਵੰਗਾ ਅਤੇ ਸੀਡਰਵੇਲ — 103.1 FM
ਕਿਟੀਮੈਟ, ਮੈਸਟ ਅਤੇ ਕੁਈਨ ਸ਼ੈਰੋਲੈਟ ਆਈਲੈਂਡਜ਼ — 92.9 FM
ਹੂਸਟਨ, ਸਮਿਦਰਜ਼ ਅਤੇ ਬਰਨਜ਼ ਲੇਕ — 105.5 FM

ਸਮੂੰਹ ਕਵੀਆਂ ਅਤੇ ਗਾਇਕ-ਕਲਾਕਾਰਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਇਸ ਰੇਡੀਓ ਪ੍ਰੋਗਰਾਮ ਲਈ ਆਪਣਾ ਸਹਿਯੋਗ ਦੇਣ ।

ਇਕਵਿੰਦਰ ਸਿੰਘ
(604) 638-8497

# ‘ਡਾਇਰੀ ਦੇ ਪੰਨੇ’ ਪੁਸਤਕ ਨੂੰ ਵਿਦੇਸ਼ ਜਾਣ ਤੋਂ ਰੋਕਿਆ

ਪਟਿਆਲਾ — ਬੰਬਈ ਦੇ ਕਸਟਮ ਅਧਿਕਾਰੀਆਂ ਨੇ ਪਟਿਆਲਾ ਸਥਿਤ ਪੱਤਰਕਾਰ ਹਰਬੀਰ ਸਿੰਘ ਭੰਵਰ ਦੀ ਕਿਤਾਬ ‘ਡਾਇਰੀ ਦੇ ਪੰਨੇ’ ਵਿਦੇਸ਼ ਜਾਣ ਤੋਂ ਰੋਕ ਦਿੱਤੀ ਹੈ । ਬੀਤੇ ਦਿਨੀਂ ਅੰਮ੍ਰਿਤਸਰ ਦੇ ਇਕ ਪੁਸਤਕ ਵਿਕਰੇਤਾ ਨੇ ਪੰਜਾਬੀ ਪੁਸਤਕਾਂ ਵਿਦੇਸ਼ ਭੇਜੀਆਂ ਸਨ ਜਿਸ ਵਿਚ “ਡਾਇਰੀ ਦੇ ਪੰਨੇ” ਦੀਆਂ ਵੀ ਕੁਝ ਕਾਪੀਆਂ ਸਨ । ਕਸਟਮ ਅਧਿਕਾਰੀਆਂ ਨੇ “ਡਾਇਰੀ ਦੇ ਪੰਨੇ” ਤੋਂ ਬਿਨਾਂ ਬਾਕੀ ਸਾਰੀਆਂ ਕਿਤਾਬਾਂ ਜਾਣ ਦੀ ਆਗਿਆ ਦੇ ਦਿੱਤੀ ।

ਲੇਖਕ ਨੇ “ਡਾਇਰੀ ਦੇ ਪੰਨੇ” ਵਿਚ ਨੀਲਾ ਤਾਰਾ ਕਾਰਵਾਈ ਬਾਰੇ ਅੱਖੀਂ ਡਿੱਠੇ ਹਾਲਾਤ ਦਿੱਤੇ ਹਨ । ਪੁਸਤਕ ਛਪਣ ਤੋਂ ਪਹਿਲਾਂ ਜੂਨ 1985 ਦੌਰਾਨ ਇਹ ਪੰਨ ਲੜੀਵਾਰ ਇਕ ਰੋਜ਼ਾਨਾ ਅਖ਼ਬਾਰ ਵਿਚ ਛਪੇ ਸਨ । ਪੁਸਤਕ ਛਪ ਜਾਣ ’ਤੇ ਉਸ ਸਮੇਂ ਦੇ ਮੁਖ ਮੰਤਰੀ ਸ. ਸੁਰਜੀਤ ਸਿੰਘ ਬਰਨਾਲਾ ਨੇ ਇਕ ਰਾਜ ਪੱਧਰ ਦੇ ਸਰਕਾਰੀ ਸਮਾਗਮ ਵਿਚ 9 ਦਸੰਬਰ, 1985 ਨੂੰ ਅੰਮ੍ਰਿਤਸਰ ’ਚ ਇਸ ਨੂੰ ਰਿਲੀਜ਼ ਕੀਤਾ ਸੀ ।

ਉਸ ਸਮੇਂ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੇ ਇਸ ਪੁਸਤਕ ਦੀ ਭਰਪੂਰ ਸ਼ਲਾਘਾ ਹੀ ਨਹੀਂ ਕੀਤੀ ਸੀ ਸਗੋਂ ਪੁਸਤਕ ਦੀ ਇਕ ਕਾਪੀ ਰਾਸ਼ਟਰਪਤੀ ਭਵਨ ਦੀ ਲਾਇਬਰੇਰੀ ਲਈ ਉਚੇਚੇ ਤੌਰ ’ਤੇ ਮੰਗਵਾਈ ਸੀ ।

ਹਿੰਦੀ ਮਾਸਿਕ “ਸੰਚੇਤਨਾ” ਨੇ ਇਸ ਪੁਸਤਕ ਨੂੰ ਲੜੀਵਾਰ ਆਪਣੇ ਪਰਚੇ ਵਿਚ ਛਾਪਿਆ ਹੈ । ਇਹ ਪੁਸਤਕ ਪਹਿਲਾਂ ਹੀ ਕਾਫੀ ਗਿਣਤੀ ਵਿਚ ਵਿਦੇਸ਼ਾਂ ’ਚ ਪਹੁੰਚ ਚੁੱਕੀ ਹੈ ।

ਵੀਕਲੀ ਫੀਚਰ

# ਬੱਚਿਆਂ ਦੇ ਮਸਲੇ

**ਵਲੋਂ — ਵਿਦਿਆਰਥੀ**



ਬੱਚਿਆਂ ਦੇ ਮਸਲਿਆਂ ਦੇ ਕਈ ਪੱਖ ਹਨ ਅਤੇ ਉਹਨਾਂ ਨੂੰ ਕਈ ਢੰਗਾਂ ਨਾਲ ਸੁਲਝਾਉਣ ਦਾ ਯਤਨ ਕੀਤਾ ਜਾ ਸਕਦਾ ਹੈ । ਕਈ ਬੱਚੇ ਮਨਮੌਜੀ ਜਾਂ ਆਪਣੀ ਤਰੰਗ ਵਿਚ ਮਸਤ ਹੋਣ ਵਾਲੇ ਹੁੰਦੇ ਹਨ । ਉਹ ਇਕ ਦਮ ਐਕਸ਼ਨ ਕਰਦੇ ਹਨ । ਉਹ ਅਮਲ ਅਣਸੋਚਿਆ ਹੋ ਸਕਦਾ ਹੈ । ਉਹ ਆਪਣੀਆਂ ਖ਼ਾਹਸ਼ਾਂ ਦੀ ਤ੍ਰਿਪਤੀ ਲਈ ਦੇਰੀ ਬਰਦਾਸ਼ਤ ਨਹੀਂ ਕਰਦੇ । ਆਮ ਤੌਰ ਤੇ 5 ਤੋਂ 10 ਫੀਸਦੀ ਬੱਚੇ ਮਨਮੌਜੀ ਹੁੰਦੇ ਹਨ । ਉਹ ਝਗੜਦੇ ਤੇ ਫਜ਼ੂਲ ਬਹਿਸ ਕਰਦੇ ਹਨ । ਹਾਣੀ ਮੁੰਡੇ ਉਸ ਨੂੰ “ਵਿਗੜਿਆ ਹੋਇਆ”, “ਇਲਤੀ” (spoiled brat) ਆਖਦੇ ਹਨ । ਆਖਿਆ ਜਾਂਦਾ ਹੈ ਕਿ ਅਤਿ ਦੇ ਮਨਮੌਜੀ ਹੋਣ ਦਾ ਕਾਰਨ, ਜਿਸਮਾਨੀ ਹੋ ਸਕਦਾ ਹੈ, ਦਿਮਾਗੀ ਜਣਨ ਤੋਂ (Genetic), ਤੰਤੂਆਂ ਦਾ ਠੀਕ ਕੰਮ ਨਾ ਕਰਨਾ ਜਾਂ ਵਾਧੇ ਤੇ ਵਿਕਾਸ ਵਿਚ ਘਾਟ ਆਦਿ ਕਾਰਨ । ਫਿਕਰ ਅਤੇ ਸਭਿਆਚਾਰਕ ਅਸਰ ਭੀ ਕਾਰਨ ਬਣ ਸਕਦੇ ਹਨ ।

ਬੱਚਿਆਂ ਦੀ ਗਰਮ ਮਿਜ਼ਾਜੀ ਅਤੇ ਇਕ ਦਮ ਮਨੋਵੇਗ ਦਾ ਅਮਲ ਝਗੜੇ ਪੈਦਾ ਕਰ ਸਕਦੇ ਹਨ । ਇਹਨਾਂ ਗੱਲਾਂ ਤੇ ਉਲਝਣਾਂ ਤੋਂ ਬੱਚੇ ਅਣਜਾਣੂ ਹੋ ਸਕਦੇ ਹਨ ਜਦੋਂ ਕਿ ਮਾਂ ਬਾਪ ਨੂੰ ਜ਼ਰੂਰ ਭਾਪਣਾ ਤੇ ਸਮਝਣਾ ਚਾਹੀਦਾ ਹੈ । ਮਾਂ ਬਾਪ ਇਸ ਢੰਗ ਨਾਲ ਪੇਸ਼ ਆਉਣ ਕਿ ਉਹ ਬੱਚੇ ਲਈ ਸਹਾਈ ਹਨ ।

ਬੱਚਿਆਂ ਨੂੰ ਯੋਗ ਖੇਡਾਂ ਰਾਹੀਂ ਸਵੈ-ਕੰਟਰੋਲ ਸਿਖਾਉਣਾ ਚਾਹੀਦਾ ਹੈ । “ਸਵੈ-ਗੱਲਬਾਤ” ਭੀ ਸਬਰ ਤੇ ਇਤਜ਼ਾਰ ਕਰਨਾ ਸਿਖਾਉਂਦਾ ਹੈ । ਪੜ੍ਹਾਈ ਰਾਹੀਂ ਭੀ ਦੱਸਣਾ ਜ਼ਰੂਰੀ ਹੈ ਕਿ ਬੱਚਿਆਂ ਦੇ ਕੀਤੇ ਐਕਸ਼ਨ ਦਾ ਕੋਈ ਨਤੀਜਾ ਜ਼ਰੂਰ ਹੁੰਦਾ ਹੈ । ਉਹਨਾਂ ਨੂੰ ਆਪਣੀ ਸੋਚਣੀ ਤੇ ਕਰਮ ਨੂੰ ਮਾਪਣਾ ਤੋਲਣਾ ਸਿਖਾਉਣਾ ਚਾਹੀਦਾ ਹੈ । ਇਹਨਾਂ ਬੱਚਿਆਂ ਦਾ ਧਿਆਨ ਝੱਟ ਹੀ ਖਿਲਰ ਜਾਂਦਾ ਹੈ ਉਮਰ ਦੇ ਵਾਧੇ ਨਾਲ ਧਿਆਨ ਵਧ ਜਾਣਾ ਚਾਹੀਦਾ ਹੈ । ਉਹਨਾਂ ਲਈ ਪਲੈਨਿੰਗ ਕਰਕੇ ਸਫਲਤਾ ਤੇ ਇਕਸਾਰਤਾ ਵਧਾਉਣੀ ਚਾਹੀਦੀ ਹੈ । ਉਹਨਾਂ ਤੋਂ ਨਿਸ਼ਚਿਤ ਕੰਮ ਕਰਵਾਉ । ਥੋੜ੍ਹੇ ਸਮੇਂ ਵਾਲਾ ਕੰਮ ਹੋਵੇ ਅਤੇ ਮਾਪਿਆਂ ਨੂੰ ਭੀ ਵਾਰ ਵਾਰ ਬੁੜ ਬੁੜ ਨਹੀਂ ਕਰਨਾ ਚਾਹੀਦਾ । ਹਦਾਇਤਾਂ ਨੂੰ ਵਾਰ ਵਾਰ ਨਾ ਬਦਲੋ । ਜਦੋਂ ਬੱਚੇ ਕਿਸੇ ਗੱਲ ਵੱਲ ਧਿਆਨ ਦਿੰਦੇ ਹਨ ਤਾਂ ਮਾਪੇ ਭੀ ਜ਼ਰੂਰ ਧਿਆਨ ਦੇਣ । ਉਹਨਾਂ ਦੀ ਕੀਤੀ ਕੋਸ਼ਿਸ਼ ਦੀ ਪ੍ਰਸੰਸਾ ਕਰੋ । ਇਨਾਮ ਦਿਉ । ਤਰਤੀਬਵਾਰ ਸੋਚਣੀ ਤੇ ਕੰਮ ਕਰਨ ਦੇ ਢੰਗ ਦੀ ਆਦਤ ਪਾਉਣ ਦਾ ਯਤਨ ਕਰੋ । ਸਵੈ-ਗੱਲਬਾਤ ਅਤੇ ਸਵੈ ਕੰਟਰੋਲ ਨਾਲ ਜ਼ਰੂਰ ਹਾਂ ਪੱਖੀ ਨਤੀਜੇ ਨਿਕਲਣਗੇ ।

ਮਸਖਰਾਪਣ (ਕਲਾਊਨਿੰਗ) ਭੀ ਇਕ ਪੱਖ ਹੈ ਜਿਸ ਦੀ ਜ਼ਿਆਦਤੀ ਬੇ-ਅਕਲੀ ਜਾਂ ਮੂਰਖਤਾ ਦੀ ਹੱਦ ਤੱਕ ਜਾ ਸਕਦੀ ਹੈ । ਇਹ ਇਕ ਸਿਰਫ ਸ਼ੁਗਲ ਜਾਂ ਹਸਾਉਣ ਲਈ ਭੀ ਹੋ ਸਕਦਾ ਹੈ । ਪਰ ਲਗਾਤਾਰ ਹੋਣਾ ਤੇ ਆਦਤ ਬਣਨਾ ਗਲਤ ਹੈ । ਕਈ ਮਾਪੇ, ਬੱਚਿਆਂ ਦੇ ਲਗਾਤਾਰ ਖਿਲੀ ਪਾਉਣ, ਰੌਲਾ ਪਾਉਣ ਤੇ ਮੂੰਹ ਬਣਾਉਣ ਜਾਂ ਸਾਂਗਾਂ ਲਾਉਣ ਨੂੰ ਬਰਦਾਸ਼ਤ ਕਰਦੇ ਹਨ ਤੇ ਕਈ ਨਹੀਂ । ਜੇ ਬੱਚੇ ਲਗਾਤਾਰ ਹੀ ਆਦਤ ਬਣਾ ਲੈਂਦੇ ਹਨ ਤਾਂ ਨਾਲ ਦੇ ਹਾਣੀ ਬੱਚੇ ਉਸ ਨੂੰ ਛੇੜਦੇ, ਮਖੌਲ ਕਰਦੇ ਤੇ ਪਰੇ ਹੋ ਜਾਂਦੇ ਹਨ । ਬੱਚੇ ਇਸ ਮਸਖਰੇ ਢੰਗ ਨਾਲ ਮਾਪਿਆਂ ਜਾਂ ਹੋਰਾਂ ਦਾ ਧਿਆਨ ਆਪਣੇ ਵੱਲ ਖਿਚਣਾ ਚਾਹੁੰਦੇ ਹਨ । ਜੇ ਘਰ ਵਿਚ ਮਾਹੌਲ ਠੀਕ ਨਾ ਰਹਿੰਦਾ ਹੋਵੇ, ਤਣਾਉ ਭਰਿਆ ਹੋਵੇ ਜਾਂ ਫਸਾਦੀ ਮਾਹੌਲ ਹੋਵੇ ਤਾਂ ਭੀ ਬੱਚੇ ਕਲਾਊਨਿੰਗ ਕਰਦੇ ਹਨ । ਖ਼ੁਸ਼ ਕਰਨ ਲਈ । ਮਾਹੌਲ ਬਦਲਣ ਲਈ । ਮਾਪਿਆਂ ਨੂੰ ਇਸ ਲਗਾਤਾਰ ਮਸਖਰੇਪਣ ਦੀ ਆਦਤ ਦੀ ਜੜ੍ਹ ਫੜਨੀ ਚਾਹੀਦੀ ਹੈ ਤੇ ਚੰਗਾ ਮਨੋ-ਵਿਗਿਆਨਕ ਮਾਹੌਲ ਪੈਦਾ ਕਰਨਾ ਚਾਹੀਦਾ ਹੈ । ਮਾਪਿਆਂ ਲਈ ਇਹ ਵੇਖਣਾ ਜ਼ਰੂਰੀ ਹੈ ਕਿ ਮਸਖਰੇਪਣ (ਕਲਾਊਨਿੰਗ) ਦਾ ਕੀ ਪੈਟਰਨ (ਬਣਤਰ) ਹੈ ਤੇ ਕੀ ਟਾਈਮਿੰਗ ਹੈ ? ਬੱਚੇ ਦੇ ਸਮਾਜਿਕ ਵਿਕਾਸ ਲਈ, ਕਈ ਵਾਰ ਕਲਾਊਨਿੰਗ ਐਕਸ਼ਨ ਨੂੰ ਨਜ਼ਰ ਅੰਦਾਜ਼ ਕਰਨਾ ਅਤੇ ਹਾਂ ਪੱਖੀ ਚੀਜ਼ਾਂ ਤੇ ਜ਼ੋਰ ਦੇਣਾ ਬਣਦਾ ਹੈ । ਯੋਗ ਮਜ਼ਾਕ ਦੀ ਪ੍ਰਸੰਸਾ ਹੋਣੀ ਚਾਹੀਦੀ ਹੈ । ਕੇਂਦਰੀ ਨੁਕਤਾ ਹੈ ਕਿ ਯੋਗ ਸਹੀ ਵਰਤਾਅ ਤੇ ਵਿਵਹਾਰ ਦੀ ਪ੍ਰਸੰਸਾ ਕਰਨੀ ਜ਼ਰੂਰੀ ਹੈ । ਜਿਹੜੀ ਚੰਗੀ ਗੱਲ ਬੱਚਾ ਕਰਦਾ ਹੈ, ਉਸ ਤੇ ਠੀਕ ਤੇ ਜਚਦੀ ਟਿਪਣੀ ਨਾਲ ਅਜਾਈਂ ਮਸਖਰਾਪਣ ਘਟਦਾ ਹੈ । ਬੱਚੇ ਨੂੰ ਹੌਲੀ ਹੌਲੀ ਸਹੀ ਪਾਸੇ ਵੱਲ ਮੋੜੋ । ਜਿਸਮਾਨੀ ਸਜ਼ਾ ਭੀ ਮਦਦ ਨਹੀਂ ਕਰਦੀ । ਬੱਚੇ ਨਾਲ ਖੁੱਲ੍ਹਾ ਰਾਬਤਾ (ਸੰਬੰਧ), ਗਲਬਾਤ, ਘਰ ਦੇ ਮਾਹੌਲ ਨੂੰ ਖ਼ੁਸ਼ਗਵਾਰ ਬਣਾਉਣਾ ਆਦਿ ਭੀ ਮਦਦ ਕਰੇਗਾ ।


## ਜਦੋਂ ਅਸੀਂ ਦੁਨੀਆਂ ਨਾਲ ਵਪਾਰ ਕਰਨਾ ਹੋਵੇ ਤਾਂ ਅਸੀਂ ਡੱਬੇ ਨਹੀਂ — ਇੰਜਣ ਹਾਂ

ਜਿਹੜਾ ਸੂਬਾ ਪੱਛਮੀ ਜਰਮਨੀ, ਫਰਾਂਸ ਤੇ ਇੰਗਲੈਂਡ ਨੂੰ ਰਲਾ ਲਈਏ ਤਾਂ ਵੀ ਉਨ੍ਹਾਂ ਤੋਂ ਵੱਡਾ ਹੈ, ਦੋਅ-ਥੁਆਈ ਵਪਾਰ ਅਤੇ ਨਵੇਂ ਕੰਮ ਪੈਦਾ ਕਰਨ ਵਾਲਾ ਜ਼ਰੂਰੀ ਹਿਸਾ ਬਣ ਜਾਂਦਾ ਹੈ । ਇਹ ਹੀ ਕਾਰਨ ਹੈ ਕਿ 10 ਲੱਕੜ-ਮਿੱਲਾਂ ਵਾਲੀਆਂ ਕੰਪਨੀਆਂ 850 ਮਿਲੀਅਨ ਡਾਲਰ ਖਰਚ ਕੇ ਕੁਨੈਲ ਤੋਂ ਫੋਰਟ ਨੈਲਸਨ ਤੱਕ ਮਿੱਲਾਂ ਬਣਾ ਰਹੀਆਂ ਹਨ, ਉਨ੍ਹਾਂ ਨੂੰ ਵਧੀਆ ਬਣਾ ਰਹੀਆਂ ਹਨ ਅਤੇ ਉਨ੍ਹਾਂ ਵਿਚ ਵਾਧਾ ਕਰ ਰਹੀਆਂ ਹਨ ।



ਇਹ ਸਾਲ ਇਲਾਕੇ ਦੀਆਂ ਜੰਗਲਾਤ ਦਸਤਕਾਰੀਆਂ ਲਈ ਵਧੀਆ ਸਮਾਂ ਹੈ ਏਸੇ ਕਾਰਨ 1989 ਵਿਚ ਬੀ. ਸੀ. ਰੇਲ, 120 ਟਰੇਨ-ਲੋਡ ਹੋਰ ਲਿਜਾਵੇਗੀ, ਬੀ. ਸੀ. ਰੇਲ ਵਿਚ ਪਹਿਲਾਂ ਹੀ ਇਸ ਇਲਾਕੇ ਵਿਚ 900 ਲੋਕ ਕੰਮ ਕਰਦੇ ਹਨ ।

ਇਸ ਤੋਂ ਵੀ ਵੱਧ ਗੱਲ ਹੈ ਕਿ ਨਵੀਂ ਪੂੰਜੀ ਲਾਉਣ ਨਾਲ ਬੀ. ਸੀ. ਦੀ 12 ਬਿਲੀਅਨ ਡਾਲਰ ਦੀ ਜੰਗਲਾਤ ਇੰਡਸਟਰੀ ਦੁਨੀਆਂ ਵਿਚ ਲੀਡਰ ਹੈ, ਇਹ ਯਕੀਨੀ ਹੈ ਕਿ ਜਦੋਂ ਅਸੀਂ ਦੁਨੀਆਂ ਨਾਲ ਵਪਾਰ ਕਰਨਾ ਹੋਵੇ ਤਾਂ ਅਸੀਂ ਡੱਬੇ ਨਹੀਂ ਹਾਂ, ਇੰਜਣ ਹਾਂ ।

ਬੀ. ਸੀ. ਦੀ ਵਧ ਰਹੀ ਆਰਥਿਕਤਾ ਬਾਰੇ ਹੋਰ ਜਾਣਕਾਰੀ ਲੈਣ ਲਈ ਆਪਣੇ ਐਮ. ਐਲ. ਏ. ਨੂੰ ਮਿਲੋ, ਨੇੜੇ ਦੇ ਸਰਕਾਰੀ ਏਜੰਟ ਨਾਲ ਗੱਲ ਕਰੋ ਜਾਂ ਮਨਿਸਟਰੀ ਆਫ਼ ਰੀਜਨਲ ਡੀਵੈਲਪਮੈਂਟ ਪਾਰਲੀਮੈਂਟ ਬਿਲਡਿੰਗਜ਼, ਵਿਕਟੋਰੀਆ V8V 1X4 ਨੂੰ ਲਿਖੋ ।

*Challenging the 90's*

Together. A Better B.C.

## 'ਕੈਨੇਡਾ ਦਰਪਣ' ਆਪ ਪੜ੍ਹੋ ਤੇ ਦੂਜਿਆਂ ਨੂੰ ਪੜ੍ਹਨ ਲਈ ਪਰੇਰੋ

GM

# WESTMINSTER

12th. STREET AT QUEENS AVE., NEW WESTMINSTER, B.C.

ਆਪ ਨਵੀਂ ਜਾਂ ਪੁਰਾਣੀ ਕਾਰ ਵੇਚਣੀ ਜਾਂ ਖ਼੍ਰੀਦਣੀ ਚਾਹੁੰਦੇ ਹੋ ਤਾਂ ਵਧੀਆ ਡੀਲ ਲਈ ਪ੍ਰੋਫੈਸ਼ਨਲ ਸੇਲਜ਼ਮੈਨ

**ਗੁਰਜੀਤ ਬਾਵਾ ਢੀਂਡਸਾ**

ਨੂੰ ਜ਼ਰੂਰ ਮਿਲੋ ਜਾਂ ਫੋਨ ਕਰੋ। ਉਹ ਤੁਹਾਨੂੰ ਵਧੀਆ ਕਾਰ ਵਾਜਬ ਕੀਮਤ ਤੇ ਦਿਵਾਉਣ ਦਾ ਵਾਅਦਾ ਕਰਦੇ ਹਨ।

- ਥੋੜ੍ਹੀ ਜਿਹੀ ਡਾਊਨ ਪੇਮੈਂਟ ਦੇ ਕੇ ਆਸਾਨ ਕਿਸ਼ਤਾਂ ਤੇ ਕਾਰ ਦਿਵਾ ਸਕਦੇ ਹਨ।

FOR **BEST DEAL & BEST SERVICE**

**BUS. 521-7731**

**Pager 687-1985 #5531**





ਗੁਰਜੀਤ ਢੀਂਡਸਾ ਬਾਵਾ

CALL US FIRST

IATA APPROVED OFFICE

# Express Internationl Travel Ltd.

Affliated with G.B. Morrison Montreal

ATAC

Approved Agent All Major Airlines

**ਸਪੈਸ਼ਲ ਧਮਾਕੇਦਾਰ ਸੇਲ ਲੱਗ ਗਈ**

ਸਿਘਾਂਪੁਰ **$1050** ਰੀਟਰਨ ਹਾਂਗਕਾਂਗ **$870** ਰੀਟਰਨ ਟਰਾਂਟੋ **$269** ਇੰਗਲੈਂਡ **$577** ਰੀਟਰਨ

ਸਾਡੇ ਕੋਲ ਸਪੈਸ਼ਲ ਇੰਮੀਗਰੈਂਟ ਕਿਰਾਏ ਲਈ ਟਿਕਟਾਂ ਮਿਲਦੀਆਂ ਹਨ।

ਵੀਜ਼ਾ ਅਤੇ ਪਾਸਪੋਰਟ ਲੈਣ ਵਿਚ ਅਸੀਂ ਬਿਨਾਂ ਮੁਆਵਜ਼ੇ ਦੇ ਤੁਹਾਡੀ ਮੱਦਦ ਕਰਦੇ ਹਾਂ।

ਇਕ ਟਿਕਟ ਲੈਣ ਦੇ ਨਾਲ 1 ਲੱਖ ਡਾਲਰ ਦੀ ਟਰੈਵਲ ਇਨਸ਼ੋਰੈਂਸ ਮੁਫਤ ਦਿੱਤੀ ਜਾਵੇਗੀ

ਦਿੱਲੀ ਤੋਂ ਵੈਨਕੂਵਰ ਤੱਕ ਸਸਤੇ ਕਿਰਾਏ ਲਈ ਸਾਨੂੰ ਮਿਲੋ **Ph. 321-8777**

5787 Victoria Drive, Vancouver,



AJIT KANG

# ਐਨ. ਡੀ. ਪੀ. ਉਮੀਦਵਾਰ ਸਿਲਵੀਆ ਬਿਸ਼ਪ ਨੂੰ ਡੈਲਟਾ ਵਿਚ ਜਿਤਾਓ

**Sylvia Bishop** has been a resident of Delta for over twenty years. She graduated from Delta Secondary, then attended UBC, where she received her Bachelor of Education with Honours. After several years of teaching, Sylvia pursued other interests, owning and operating three businesses in the Vancouver area, which she has since sold. Currently she is the assistant to the Federal President of the New Democratic Party.



***Help elect Sylvia Bishop***

## ਸਿਲਵੀਆ ਬਿਸ਼ਪ

- ਤੁਹਾਡੇ ਇਲਾਕੇ ਵਿਚ 20 ਸਾਲ ਤੋਂ ਰਹਿ ਰਹੀ ਹੈ
- ਸਿਲਵੀਆ ਬਿਸ਼ਪ ਐਨ. ਡੀ. ਪੀ. ਪ੍ਰੈਜੀਡੈਂਟ ਦੀ ਅਸਿਸਟੈਂਟ ਹੋਣ ਕਾਰਨ ਤਜਰਬੇਕਾਰ ਹੈ
- ਸਿਲਵੀਆ ਕਮਿਊਨਿਟੀ ਦੇ ਮਾਮਲਿਆਂ ਵਿਚ ਮੱਦਦ ਕਰਨ ਦੇ ਯੋਗ ਹੈ

ਇਸ ਲਈ

**ਸਿਲਵੀਆ ਬਿਸ਼ਪ ਦੀ ਚੋਣ ਲਈ ਵਲੰਟੀਅਰ ਬਣੋ ਤੇ ਚੋਣਾਂ ਦੇ ਦਿਨ**

**21 ਨਵੰਬਰ ਨੂੰ**

**ਵੋਟਾਂ ਸਮੇਂ ਮੱਦਦ ਕਰੋ**

To help in the campaign, take a sign, or get a ride to the polls, contact:

Ladner and Tsawwassen
4865 Delta Street
946-8562

North Delta
11940 - 88 Avenue
596-7177

ਇੰਡੋ-ਕੈਨੇਡੀਅਨਾਂ ਦਾ ਪ੍ਰਤੀਨਿਧ

**ਮੋਅ ਸਹੋਤਾ**

ਸਿਲਵੀਆ ਬਿਸ਼ਪ ਦੀ ਮੱਦਦ ਲਈ ਡੈਲਟਾ ਪਹੁੰਚੇਗਾ

ਗਰੈਂਡ ਪਾਰਟੀ ਹੋਵੇਗੀ

ਸ਼ਾਮਲ ਹੋਣ ਲਈ ਫੋਨ ਕਰੋ

596-7177

THE NEW DEMOCRATS

Authorized by Carl Liden, Official Agent



ਸੁਨਿਆਰ ਦੀ ਠੱਕ ਠੱਕ ਤੇ ਲੁਹਾਰ

# ਆਲ ਇੰਡੀਅ

ਫਿਜ਼ੀ ਦੇ ਲੰਬੇ
ਬਤਾਊਂ
98¢ lb.

# ALL IND

ਬਾਸਮਤੀ
ਚੌਲ 59¢ lb.

6634 Main St.,

Ph. (604

## ਫਰੀਨ ਆਟਾ
Farine Atta

$4.95 10 KG

Limit

## ਨਵਾਬ ਚਾਹ
Nabob Tea Deluxe

(limit) $2

## ਬੀ. ਸੀ. ਖੰਡ

$4.98
10 kg.

(limit)

## ਤਾਜ਼ਾ ਚਿ
'FRESH' CHICKE
LEGS

## ਰੌਬਿਨਹੁੱਡ ਮੈਦਾ
ROBINHOOD MAIDA $5.89

(limit) 10 K.G.

## ਬਟਰ
BUTTER $

ਇੱਕ ਸੱਟ ਵਾਲੀ ਸੇਲ ਲੱਗ ਗਈ । ਸਪੈਸ਼ਲ ਸੇਲ



# ਾ ਫੂਡਜ਼ ਸੈਂਟਰ

# IA FOODS

Vancouver, B.C.

324-1686

ਵੇਸਣ
$ 3.69
10 lbs

ਲਸਣ
Garlic
78¢ lb.

ਤੀ




98 120 Pck.

ਦੁੱਧ
Homo Milk
$3.29
4 liter

ਨ ਲੈਗਜ਼
98¢ lb.

ਗਵਰਨਰ ਲਜ਼ੀਜ਼ ਚਾਹ
$1.38 120 Pck.

2.29 lb.

ਯੂ. ਐਸ. ਏ. ਗੰਢੇ
U.S.A.ONIONS
$4.99
(limit)
50 lb.

## ਫਿਲਮੀ ਪੋਸਟਰ ਪਾੜੇ

ਪਟਿਆਲਾ — ਸ਼ਹਿਰ ਦੇ ਕੁਝ ਸਿਨਮਿਆਂ ਵਿਚ ਅਸ਼ਲੀਲ ਫਿਲਮਾਂ ਦਿਖਾਏ ਜਾਣ ਅਤੇ ਉਨ੍ਹਾਂ ਫਿਲਮਾਂ ਦੇ ਪੋਸਟਰ ਪਬਲਿਕ ਸਥਾਨ 'ਤੇ ਲਾਏ ਜਾਣ ਦੇ ਵਿਰੋਧ ਵਿਚ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਿਚ ਭਾਰਤੀ ਜਨਤਾ ਯੁਵਾ ਮੋਰਚਾ ਤੇ ਭਾਜਪਾ ਵਰਕਰਾਂ ਨੇ ਜ਼ੋਰਦਾਰ ਮੁਜ਼ਾਹਰਾ ਕੀਤਾ ਤੇ ਫਿਲਮੀ ਪੋਸਟਰ ਪਾੜ ਦਿੱਤੇ । ਇਹ ਲੋਕ ਮੰਗ ਕਰ ਰਹੇ ਸਨ ਕਿ ਅਸ਼ਲੀਲ ਫਿਲਮਾਂ ਸਿਨਮਿਆਂ ਵਿਚ ਬਿਲਕੁਲ ਬੰਦ ਕੀਤੀਆਂ ਜਾਣ । ਸਿਨਮਾ ਮਾਲਕਾਂ ਅਤੇ ਜ਼ਿਲਾ ਪ੍ਰਸ਼ਾਸਨ ਨੂੰ ਚਿਤਾਵਨੀ ਦਿੱਤੀ ਹੈ ਕਿ ਜੇਕਰ ਭਵਿਖ ਵਿਚ ਅਸ਼ਲੀਲ ਫਿਲਮਾਂ ਦਾ ਪ੍ਰਦਰਸ਼ਨ ਜਾਰੀ ਰਹੇਗਾ ਤਾਂ ਉਸ ਤੋਂ ਪੈਦਾ ਹੋਣ ਵਾਲੀ ਸਥਿਤੀ ਤੇ ਨਤੀਜਿਆਂ ਲਈ ਉਹ ਆਪ ਜ਼ਿੰਮੇਂਵਾਰ ਹੋਣਗੇ ।


■ BUYING ■ SELLING

Free Evaluation For Your Property
Call any time
Without any obligation

Ph. Bus: 736-3831 Res: 434-8548
Pager 687-1985 #2229


Malkit Dhami M.A. (Eco.)

United Realty Ltd.
3879 Oak Street, Vancouver, B.C. V6H 2M6


## 'ਕੈਨੇਡਾ ਦਰਪਣ' ਦੇ ਚੰਦੇ ਦਾ ਫ਼ਾਰਮ
## SUBSCRIPTION FORM

To
The Canada Darpan
P.O.BOX 265
Surrey, B.C.
Canada, V3T 4W8
Ph. 581-4473

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address :

Name..........................................
Address........................................
City...........................................
Province.......................................
Postal code....................................
PHONE.

| | |
|---|---|
| One Year .................. | 30 dollars |
| Two Year .................. | 55 dollars |
| Three year ................ | 80 dollars |
| Life membership.......... | 500 dollars |
| ASIA........................ | 150 dollars [a year] |
| U.S.A. ..................... | 35 dollars [a year] |
| Europe ..................... | 150 dollars [a year] |
| Africa ..................... | 150 dollars [a year] |


ਕਰਤਾਰ ਫੋਟੋ ਸਟੂਡੀਓ
1 HOUR PHOTO SERVICE
KARTAR PHOTO STUDIO
4279 - Fraser St. (27th Ave.)
Vancouver, B.C.
We Do Passport, 5 Mins. Service, Portrait Photos & Weddings

Off; 872-6060



FREE!! FREE!!!
1-5×7 STUDIO PORTRAIT
$15.00 Value-- Free with this Coupon
With any Photo



L/R LAKEVIEW REALTY LTD. DELTA 590-3231
7909 SCOTT RD. DELTA

# ਸੇਲ 'ਤੇ ਹੈ

- ਸਰੀ ਵਿਚ ਦਸ ਏਕੜ ਦਾ ਫਾਰਮ ਜਿਸ ਵਿਚ ਬਹੁਤ ਵਧੀਆ Hot Water/Heat ਵਾਲਾ ਘਰ ਹੈ, ਬੇਸਮਿੰਟ ਸੁਈਟ ਬਣੀ ਹੋਈ ਹੈ । ਜਿਸ ਵਿਚ 10 ਸਾਲ ਪੁਰਾਣੀ ਬਲੂ ਬੇਰੀ ਲੱਗੀ ਹੋਈ ਹੈ । ਕੀਮਤ ਸਿਰਫ $4,99,000
- 19.67 ਏਕੜ ਦਾ ਫਾਰਮ ਜਿਸ ਵਿਚ ਬਲੂਬੇਰੀ ਲੱਗੀ ਹੋਈ ਹੈ ਤੇ ਇਕ ਘਰ ਵੀ ਹੈ । ਕੀਮਤ ਸਿਰਫ $2,99,000
- 19.7 ਏਕੜ ਦਾ ਫਾਰਮ ਜਿਸ ਵਿਚ 2 ਘਰ ਹਨ — 11 ਏਕੜ ਵਿਚ ਬਲੂਬੇਰੀ ਲੱਗੀ ਹੋਈ ਹੈ — ਕੀਮਤ ਸਿਰਫ $3,40,000 ਡਾਲਰ ।
- ਸਰੀ ਵਿਚ 13 ਏਕੜ ਦਾ ਫਾਰਮ ਜਿਸ ਵਿਚ ਬਲੂਬੇਰੀ ਲੱਗ ਸਕਦੀ ਹੈ — ਕੀਮਤ ਸਿਰਫ $1,30,000
- 61 ਏਕੜ ਦਾ ਫਾਰਮ ਜਿਸ ਵਿਚ 3 ਬੈੱਡਰੂਮ ਦਾ ਬੇਸਮਿੰਟ ਵਾਲਾ ਘਰ ਹੈ — ਰਹਿਣ ਲਈ ਕੈਬਨਾਂ ਵੀ ਹਨ — 40 ਏਕੜ ਵਿਚ ਰਸਬੇਰੀ ਲੱਗੀ ਹੋਈ ਹੈ ਤੇ ਬਾਕੀ ਬਲੂਬੇਰੀ ਬੀਜਣ ਲਈ ਤਿਆਰ ਹੈ । ਕੀਮਤ ਸਿਰਫ $7,95,000

ਹੋਰ ਜਾਣਕਾਰੀ ਲਈ ਫ਼ੋਨ ਕਰੋ :

ਦਲਜੀਤ ਸਿੰਘ ਤੂਰ

ਘਰ : 594-7629
ਦਫ਼ਤਰ : 590-3231
ਸਿੱਧਾ ਪੇਜਰ : 645-9504

# Surrey COPE

## ਸਰੀ ਕੋਪ ਦੇ ਉਮੀਦਵਾਰਾਂ ਨੂੰ ਵੋਟ ਪਾਓ

### ਕਿਉਂਕਿ

- ਇਹ ਪੰਜਾਂ ਵਿਉਂਤੇ ਟਾਊਨ ਸੈਂਟਰਾਂ ਨੂੰ ਉਸਾਰਨ ਦੇ ਪੱਖ ਵਿਚ ਹਨ
- ਇਹ ਖਲੋਤੇ ਹਰੇ ਜੰਗਲ ਨੂੰ ਪੁਟਣ ਦੇ ਵਿਰੁਧ ਹਨ ਜੋ ਕਿ ਸਿਹਤ ਲਈ ਲਾਭਕਾਰੀ ਹੈ ਅਤੇ ਜੰਗਲੀ ਜਾਨਵਰਾਂ ਦਾ ਰਵਾਇਤੀ ਰੈਣ ਵਸੇਰਾ ਹੈ।
- ਘੱਟ ਆਮਦਨੀ ਵਾਲੇ, ਨਿਸਚਿਤ ਆਮਦਨੀ ਵਾਲੇ ਅਤੇ ਬਜ਼ੁਰਗ ਲੋਕਾਂ ਲਈ ਸਸਤੇ ਘਰਾਂ ਦੀ ਉਸਾਰੀ ਦੀ ਮੰਗ ਕਰਦੇ ਹਨ। ਜਿੰਨੀ ਦੇਰ ਸਸਤੇ ਘਰ ਦਿਤੇ ਨਾ ਜਾ ਸਕਣ, ਕਿਰਾਏ ਉਤੇ ਬੇਸਮੈਂਟਾਂ ਦੇਣ ਦੀ ਆਗਿਆ ਹੋਵੇ।
- ਇਹ ਮਿਉਂਸਪੈਲਿਟੀ ਲੋਕਾਂ ਨੂੰ ਕੰਮ ਦੇਣ ਲਈ ਆਪਣੇ ਕੰਮ ਆਰੰਭ ਕਰੇ। ਪਰਾਈਵੇਟ ਠੇਕੇ ਦੇਣੇ ਬੰਦ ਕਰੇ
- ਚੋਣ ਸੁਧਾਰ ਕੀਤੇ ਜਾਣ। ਸਰੀ ਨੂੰ ਵਾਰਡਾਂ ਵਿਚ ਵੰਡਿਆ ਜਾਵੇ ਤਾਂ ਜੋ ਲੋਕ ਆਪਣੇ ਏਰੀਏ ਦੇ ਉਮੀਦਵਾਰ ਚੁਣ ਸਕਣ।
- ਸਰੀ ਨੂੰ ਐਟਮੀ ਹਥਿਆਰਾਂ ਤੋਂ ਮੁਕਤ ਖਿਤਾ ਕਰਾਰ ਦਿੱਤਾ ਜਾਵੇ।
- ਸਰਕਾਰ ਦੀ ਸਰਕਾਰੀ ਏਜੰਸੀਆਂ ਨੂੰ ਪ੍ਰਾਈਵੇਟ ਕਰਨ ਦੀ ਨੀਤੀ ਦੇ ਵਿਰੋਧੀ ਹਨ
- ਲੋਕਾਂ ਨੂੰ ਘਰਾਂ ਵਿਚ ਡਾਕ ਵੰਡੇ ਜਾਣ ਦੀ ਮੰਗ ਕਰਦੇ ਹਨ। ਅਤੇ ਹੋਰ ਸਹੂਲਤਾਂ ਦੀ ਮੰਗ ਕਰਦੇ ਹਨ



GIDORA, STEVE X



KAHLON, IQBAL X

### ਸਕੂਲ ਬੋਰਡ ਦੇ ਉਹਨਾਂ ਉਮੀਦਵਾਰਾਂ ਨੂੰ ਵੋਟ ਪਾਓ ਜੋ

- ਬੱਚਿਆਂ ਲਈ ਚੰਗੀ ਪੱਧਰ ਦੀ ਪੜ੍ਹਾਈ ਲਈ ਖਲੋਂਦੇ ਹਨ
- ਬੱਚਿਆਂ ਦੀ ਆਪਣੀ ਬੋਲੀ ਦੀ ਪੜ੍ਹਾਈ, ਵਿਦਿਅਕ ਖਰਚਿਆਂ ਵਿਚ ਕਟੌਤੀਆਂ ਦੇ ਵਿਰੋਧੀ ਹਨ। ਬੱਚਿਆਂ ਲਈ ਭੋਜਨ ਦੀ ਸਪਲਾਈ ਲਈ ਖਲੋਂਦੇ ਹਨ।
- ਸਰਕਾਰ ਵਲੋਂ ਵਾਊਚਰ ਸਿਸਟਮ ਲਾਗੂ ਕਰਨ ਦੇ ਵਿਰੁਧ ਹਨ

ਹੋਰ ਜਾਣਕਾਰੀ ਲਈ ਫ਼ੋਨ ਕਰੋ :

- 536-4045
- 585-1327
- 594-0539
- 581-8329



# FIVE RIVERS FISH 'N CHIPS

## ਫਾਈਵ ਰਿਵਰਜ਼ ਫਿਸ਼ ਐਂਡ ਚਿਪਸ

6591 Fraser St. (at 50th & Fraser) Vancouver, B.C. V5X 3T4 **Ph. 327-7455**

**ਇੰਡੀਅਨ ਸਟਾਇਲ ਮਸਾਲੇਦਾਰ ਮੱਛੀ ਅਤੇ ਮੁਰਗੇ ਦਾ ਅਨੰਦ ਮਾਨਣ ਲਈ ਫਾਈਵ ਰਿਵਰਜ਼ ਫਿਸ਼ ਐਂਡ ਚਿਪਸ 'ਤੇ ਆਓ**

ਮੁਰਗਾ ਮਸਾਲੇ ਵਾਲਾ
Spicy (Masala) Chicken
$4.45 lb.

ਸੀਨਾ ਮਸਾਲੇ ਵਾਲਾ ਮੁਰਗੇ ਦਾ
Only Breasts (Spicy)
$6.95 lb.

ਮਸਾਲੇ ਵਾਲੀ ਮੱਛੀ ਦੇ ਪਕੌੜੇ
Spicy (Masala) Fish
$5.95 lb.

ਅਸੀਂ ਛੋਲੇ ਭਟੂਰੇ, ਸਪੈਸ਼ਲ ਮੱਛੀ ਵਾਲੇ ਸਮੋਸੇ ਬਣਾਉਂਦੇ ਹਾਂ, ਜੋ ਵੈਨਕੂਵਰ ਵਿਚ ਖਾਸ ਹਨ

ਇਸ ਤੋਂ ਇਲਾਵਾ ਅੰਗਰੇਜ਼ੀ ਸਟਾਇਲ ਦੀ ਮੱਛੀ, ਫਰਾਈਡ ਚਿਕਨ ਅਤੇ ਸੀ ਫੂਡ ਵੀ ਮਿਲਦਾ ਹੈ
ਤੁਸੀਂ ਫ਼ੋਨ 'ਤੇ ਵੀ ਆਰਡਰ ਕਰ ਸਕਦੇ ਹੋ
ਪਾਰਟੀਆਂ ਵਾਸਤੇ ਸਪੈਸ਼ਲ ਡਿਸਕਾਊਂਟ ਵੀ ਦਿੱਤਾ ਜਾਂਦਾ ਹੈ

ਠੰਡੀ ਬੀਅਰ ਅਤੇ ਹਰ ਕਿਸਮ ਦਾ ਮੀਟ ਦਾ ਆਚਾਰ ਇਥੋਂ ਮਿਲਦਾ ਹੈ





ਨਿਰਮਲ ਸਿੰਘ ਧਾਲੀਵਾਲ

## Thinking of Buying or Selling

ਆਪਣੀ ਜਾਇਦਾਦ ਦੀ ਸਹੀ ਕੀਮਤ ਜਾਨਣ ਲਈ ਅਤੇ ਕਿਸੇ ਭੀ ਕਿਸਮ ਦੀ ਜਾਇਦਾਦ
ਖ਼ੀਦਣ ਜਾਂ ਵੇਚਣ ਤੋਂ ਪਹਿਲਾਂ ਜ਼ਰੂਰ ਮਿਲੋ ਜਾਂ ਫ਼ੋਨ ਕਰੋ :

***For The Best Selection & 100% Satisfaction***

## NIRMAL (Neil) DHALIWAL

Bus: **588-9955** Res: **597-2069**

Specializing in: Lots, New Homes, Investment Properties, Farms, Industrial & Commercials

**WORKING 100% FOR YOU**



LAKEVIEW REALTY LTD.
10732 KING GEORGE HWY., SURREY, B.C. V3T 2X7



# WHEATON PONTIAC BUICK GMC LTD.

GM Canada



Kuldip S. Jhand

ਸਾਡੇ ਕੋਲ ਬਹੁਤ ਸਾਰੀਆਂ ਕਾਰਾਂ, ਵੈਨਾਂ, ਪਿਕ-ਅੱਪ ਆਦਿ ਹਨ — ਕੀਮਤਾਂ ਸਭ ਨਾਲੋਂ ਵਾਜਬ ਹਨ। ਕਾਰਾਂ, ਵੈਨਾਂ ਤੇ ਪਿਕ-ਅੱਪ ਖ਼ੀਦਣ ਜਾਂ ਵੇਚਣ ਤੋਂ ਪਹਿਲਾਂ ਇਕ ਵਾਰ ਕੁਲਦੀਪ ਝੰਡ ਨੂੰ ਮਿਲੋ ਜਾਂ ਫੋਨ ਕਰੋ। ਉਹ ਤੁਹਾਨੂੰ ਚੰਗੀ ਕੀਮਤ ਦਾ ਭਰੋਸਾ ਦਵਾਉਂਦੇ ਹਨ।

**SPECIAL PRICE ON NEW ACADIAN, FINANCE AVAILABLE - 8.8% LIMITED TIME**



**Bus: 526-2781 Res: 524-4137 Pager 687- 7711 #7610**

325—12th St., New Westminster, B.C.

# ਮਾਲਦੀਵ ਵਿਚ ਰਾਜ ਪਲਟਾ ਅਸਫਲ

ਮਾਲਦੀਵ — ਖਬਰ ਹੈ ਕਿ ਭਾਰਤ ਤੋਂ ਸਾਢੇ ਛੇ ਸੌ ਕਿਲੋਮੀਟਰ ਦੱਖਣ ਵਿਚ ਮਾਲਦੀਵ ਨਾਂ ਦੇ ਟਾਪੂ ਵਿਚ ਜੋ ਰਾਜ ਪਲਟਾ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ। ਉਸ ਨੂੰ ਅਸਫਲ ਬਣਾ ਦਿੱਤਾ ਗਿਆ ਹੈ। ਪਤਾ ਲੱਗਾ ਹੈ ਕਿ ਇਸ ਟਾਪੂ ਦੇ ਦੋ ਵਪਾਰੀਆਂ ਨੇ ਸ੍ਰੀ ਲੰਕਾ ਤੋਂ ਭਾੜੇ ਦੇ ਸਿਪਾਹੀ ਲਿਆ ਕੇ ਰਾਜ ਪਲਟਾ ਕਰਨ ਦੀ ਕੋਸ਼ਿਸ਼ ਕੀਤੀ ਸੀ।

ਖਬਰ ਹੈ ਕਿ ਰਾਜਪਲਟੇ ਦੇ ਸਮੇਂ ਉਥੋਂ ਦੇ ਰਾਸ਼ਟਰਪਤੀ ਭਵਨ ਉਪਰ ਧਾਵਾ ਬੋਲਿਆ ਗਿਆ ਸੀ। ਪਰ ਰਾਸ਼ਟਰਪਤੀ ਬਚ ਨਿਕਲਿਆ। ਸਰਕਾਰੀ ਅਧਿਕਾਰੀਆਂ ਨੇ ਭਾਰਤ ਸਰਕਾਰ ਨੂੰ ਸਹਾਇਤਾ ਲਈ ਬੇਨਤੀ ਕੀਤੀ। ਬੇਨਤੀ ਦੇ ਉਤਰ ਵਿਚ ਭਾਰਤ ਸਰਕਾਰ ਨੇ ਅਮਰੀਕਾ, ਸੋਵੀਅਤ ਯੂਨੀਅਨ, ਇੰਗਲੈਂਡ ਅਤੇ ਕੈਨੇਡਾ ਸਰਕਾਰਾਂ ਨਾਲ ਸਲਾਹ ਮਸ਼ਵਰੇ ਤੋਂ ਪਿਛੋਂ ਹਰੀ ਝੰਡੀ ਮਿਲਣ ਉਪਰ 1600 ਛਾਤਾ ਫੌਜੀ ਮਾਲਦੀਵ ਭੇਜ ਕੇ ਰਾਜਪਲਟੇ ਨੂੰ ਅਸਫਲ ਬਣਾ ਦਿੱਤਾ।

ਪਤਾ ਲੱਗਾ ਹੈ ਕਿ ਹਮਲਾਵਰ ਹਨੇਰੇ ਵਿਚ ਤਿੰਨ ਕਿਸ਼ਤੀਆਂ ਤੇ ਸਵਾਰ ਹੋ ਕੇ ਭੱਜ ਗਏ ਅਤੇ ਆਪਣੇ ਨਾਲ ਵੀਹ ਤੋਂ ਉਪਰ ਲੋਕਾਂ ਨੂੰ ਬੰਦੀ ਬਣਾ ਕੇ ਵੀ ਲੈ ਗਏ। ਜਿੰਨ੍ਹਾਂ ਨੂੰ ਪਿਛੋਂ ਭਾਰਤੀ ਜਲ ਸੈਨਾ ਦੇ ਜਹਾਜ਼ਾਂ ਨੇ ਛੁਡਾ ਲਿਆ ਅਤੇ ਹਮਲਾਵਰਾਂ ਨੂੰ ਬੰਦੀ ਬਣਾ ਲਿਆ।

ਰਾਜਪਲਟਾ ਖਤਮ ਕਰਨ ਤੋਂ ਪਿਛੋਂ ਭਾਰਤੀ ਸੈਨਾ ਦੇ ਜੁਆਨ ਵਾਪਸ ਦੇਸ਼ ਪਰਤ ਆਏ ਹਨ। ਹੁਣ ਉਥੇ ਹਾਲਤ ਆਮ ਵਰਗੇ ਹਨ।

# ਅਮਰੀਕਨ ਚੋਣਾਂ ਵਿਚ ਭਾਰਤੀ ਤੇ ਪਾਕਿਸਤਾਨੀ

ਵਾਸ਼ਿੰਗਟਨ — ਖਬਰ ਹੈ 8 ਨਵੰਬਰ ਨੂੰ ਹੋ ਰਹੀਆਂ ਪ੍ਰਧਾਨਗੀ ਚੋਣਾਂ ਵਿਚ ਭਾਰਤੀ ਅਤੇ ਪਾਕਿਸਤਾਨੀ ਵੋਟਰ ਬੜੀ ਸਰਗਰਮੀ ਨਾਲ ਚੋਣਾਂ ਵਿਚ ਭਾਗ ਲੈ ਰਹੇ ਹਨ। ਪਤਾ ਲੱਗਾ ਹੈ ਕਿ ਇਸ ਵਾਰ ਦੋਵਾਂ ਦੇਸ਼ਾਂ ਦੇ ਅਮਰੀਕਨ ਸ਼ਹਿਰੀ ਬੜੇ ਹੀ ਸੰਗਠਤ ਹਨ। ਭਾਰਤੀ ਮੂਲ ਦੇ ਲੋਕ ਡੈਮੋਕਰੇਟਿਕ ਪਾਰਟੀ ਦੇ ਉਮੀਦਵਾਰ ਮਾਈਕਲ ਡੂਕਾਕਸ ਦੇ ਹੱਕ ਵਿਚ ਹਨ ਅਤੇ ਪਾਕਿਸਤਾਨੀ ਆਪਣਾ ਕਲਿਆਣ ਜਾਰਜ ਬੁਸ਼ ਨੂੰ ਵੋਟ ਪਾਉਣ ਵਿਚ ਸਮਝਦੇ ਹਨ। ਭਾਰਤੀ ਤੇ ਪਾਕਿਸਤਾਨੀ ਵੋਟਰਾਂ ਦੀ ਗਿਣਤੀ ਦਸ ਲੱਖ ਤੋਂ ਵੱਧ ਹੈ। ਜਿਨ੍ਹਾਂ ਵਿਚ ਭਾਰਤੀ ਲੋਕਾਂ ਦੀ ਗਿਣਤੀ ਬਹੁਤੀ ਹੈ।


Jim Karpoff




ਆਪਣਾ ਕੀਮਤੀ ਵੋਟ ਆਪਣੇ ਹੱਕਾਂ ਦੀ ਰਾਖੀ ਲਈ ਐਨ. ਡੀ. ਪੀ. ਦੀ ਪਾਰਟੀ ਦੇ ਉਮੀਦਵਾਰ ਸਰੀ ਨੌਰਥ ਵਿਚ

ਜਿਮ ਕਾਰਪੋਫ ਨੂੰ ਪਾਓ



AUTHORIZED BY GORDOM McPHERSON, OFFICIAL AGENT



■ Auto Upholstery
■ Installations

# GILL VANS
## Conversions & Accessories

■ Accessories
■ Service




Bench Seats installed from .................................. $300
Captain Chairs with swivel bases, custom made from ..... pr. $390
Sofa bed Deluxe from .................................. $475
Bay Windows installed from .................................. $99
Complete Van Interior from .................................. $725
Raised Roof installed from .................................. $850
Electric Sofa Bed .................................. from $1299

ਸਾਡੇ ਕੋਲ ਹਰ ਮਾਡਲ ਦੀਆਂ ਕਾਰਾਂ ਹਨ —
ਦੇਖਣ ਲਈ ਅੱਜ ਹੀ ਪੁੱਜੋ — ਵਾਜਬ ਕੀਮਤਾਂ

CALL 522-2122 COLLECT

# GILL AUTO SALES




7762 - Edmonds St., Burnaby, B.C.

DLR #8220

OPEN MON.—FRI. 9 AM-8 PM — SAT. 9 AM-6 PM — SUN. 10 AM-4 PM

# The Manitoba Mirror

# ਮੈਨੀਟੋਬਾ ਦਰਪਣ

## BRAR NATURAL FLOUR MILLS

— ਸ਼ੇਰੇ-ਪੰਜਾਬ ਡੂਰਮ ਕਣਕ ਦਾ ਆਟਾ —

ਚਾਹੇ ਰੋਟੀਆਂ ਪਕਾਓ ਜਾਂ ਪੂਰੀਆਂ ਬਣਾਓ

ਫ਼ੋਨ : 204-632-5360

ਵਧੀਆ ਮੱਕੀ ਪੀਸਣ ਵਾਲੀਆਂ ਅਤੇ
ਵਧੀਆ ਵੇਸਣ ਪੀਸਣ ਵਾਲੀਆਂ ਚੱਕੀਆਂ
ਨਵੀਆਂ ਲੱਗ ਰਹੀਆਂ ਹਨ

ਗਰੌਸਰੀ ਦੀਆਂ ਸਾਰੀਆਂ ਵਸਤਾਂ ਵਾਜਬ ਭਾਅ 'ਤੇ

ਮੂਵੀਆਂ — ਟੇਪਾਂ ਵੀ ਇਥੋਂ ਮਿਲਦੀਆਂ ਹਨ

**Ph. 775-6989**

830 - NOTRE DAME AVE. WINNIPEG, MAN.

---

ਵਿੰਨੀਪੈਗ ਵਿਚ ਹਰ ਪ੍ਰਕਾਰ ਦੀ ਪ੍ਰਾਪਰਟੀ ਖ਼੍ਰੀਦਣ ਜਾਂ ਵੇਚਣ ਲਈ

ਮਿੱਤਰਤਾ ਭਰੀ, ਈਮਾਨਦਾਰ ਅਤੇ ਤਜਰਬੇਕਾਰ ਸਲਾਹ ਲਈ

**ਅਵਤਾਰ ਟਿਵਾਣਾ** ਨੂੰ ਮਿਲੋ ਜਾਂ ਫੋਨ ਕਰੋ :

**Ph. Off: (204) 694-5000**

**Res: 694-3198**

Pager 942-7788 #02284



Sales Representative

## REMAX REALTY

10 - 2230 McPhillps St., Winnipeg, MB R2V 3C8

---



ਵੀਡੀਓ ਮੂਵੀਆਂ ਵੀ ਇੱਥੋਂ ਲੈ ਸਕਦੇ ਹੋ

ਵਿੰਨੀਪੈਗ ਵਿਚ ਕੱਪੜੇ ਤੇ ਗਹਿਣਿਆਂ ਦੀ ਦੁਕਾਨ

## ਕੋਹਿਨੂਰ ਜਿਊਲਰਜ਼ ਤੇ ਫੈਬਰਿਕ ਸੈਂਟਰ



ਦਾਜ-ਵਰੀ ਦੇ ਗਹਿਣੇ ਇਕੋ ਹੀ ਥਾਂ ਤੋਂ ਬਣਵਾਓ

ਆਪਣੇ ਮਨਪਸੰਦ ਦੇ ਗਹਿਣੇ ਬਨਵਾਉਣ ਲਈ ਵੀ

ਕੋਹਿਨੂਰ ਜਿਊਲਰਜ਼ ਅਤੇ ਫੈਬਰਿਕ ਸੈਂਟਰ ਤੇ ਪਹੁੰਚੋ

ਵੰਨ ਸਵੰਨੇ ਸੂਟ ਤੇ ਸਾੜ੍ਹੀਆਂ ਦੀ ਚੋਣ ਅਤੇ ਦਾਜ-ਵਰੀ ਲਈ ਯਾਦ ਰੱਖੋ

**ਕੋਹਿਨੂਰ ਜਿਊਲਰਜ਼ ਤੇ ਫੈਬਰਿਕ ਸੈਂਟਰ**





ਵਧੀਆ ਕੁਆਲਿਟੀ, ਵਾਜਬ ਕੀਮਤਾਂ, ਦੋਸਤਾਨਾ ਵਰਤਾਓ ਅਤੇ ਤਸੱਲੀਬਖਸ਼ ਚੀਜ਼ਾਂ ਮਿਲਦੀਆਂ ਹਨ

**Kohinoor Jewellers & Fabric Centre**

New Location — 724 - Sargent Ave., Winnipeg, MAN.

**Ph. Bus. 772-3937**

**Res. 633-6567**

---

## REDWOOD MOTORS LTD.

ਕਾਰਾਂ ਦੀ ਜਨਰਲ ਮੁਰੰਮਤ — ਬਰੇਕਾਂ ਦੀ ਸਪੈਸ਼ਲ ਸਰਵਿਸ



**Automotive Repairs — Alignment and Wheel Balancing**

ਹਰ ਤਰ੍ਹਾਂ ਦੀ ਕਾਰ ਦੀ ਮੁਰੰਮਤ ਜਲਦੀ ਕਰਵਾਉਣ ਲਈ ਰੈਡਵੁੱਡ ਮੋਟਰਜ਼ ਉਤੇ ਪਹੁੰਚੋ



**PH. 582-7138**

600 - Redwood Ave. WINNIPEG, MAN.

ਵਿਅੰਗ

# ਵਰ੍ਹੇ ਗੰਢ ਮਨਾਉਣਾ

ਪੰਜਾਬੀ ਰੂਪ : ਅਸ਼ੋਕ ਚਾਵਲਾ



ਭੁੱਲੀਆਂ ਵਿਸਰੀਆਂ ਤਸਵੀਰਾਂ ਤੋਂ ਜਦੋਂ ਅਸੀਂ ਸਮੇਂ ਦੀ ਗਰਦ ਝਾੜ ਕੇ ਉਨ੍ਹਾਂ ਦੇ ਅਸਲੀ ਰੂਪ ਨੂੰ ਜਾਣ ਕੇ ਖੁਸ਼ ਹੁੰਦੇ ਹਾਂ ਤੇ ਆਪਣੀ ਖੁਸ਼ੀ ਚੰਦ ਵਿਅਕਤੀਆਂ ਵਿਚ ਸਾਂਝੀ ਕਰ ਕੇ ਜੱਗ ਉਜਾਗਰ ਕਰਦੇ ਹਾਂ ਤੇ ਕਦੇ ਕਦੇ ਬਹਾਨਾ ਬਣਾ ਕੇ ਉਸ ਨੂੰ ਉਤਸਵ ਦਾ ਰੂਪ ਵੀ ਦੇ ਦਿੰਦੇ ਹਾਂ। ਅਜਿਹਾ ਹੀ ਇਕ ਉਤਸਵ ਹੁੰਦਾ ਹੈ ਵਰ੍ਹੇ ਗੰਢ ਮਨਾਉਣਾ। ਵਰ੍ਹੇ ਗੰਢ ਭਾਵੇਂ ਉਹ ਕਿਸੇ ਖਾਸ ਮੌਕੇ ਦੀ ਹੋਵੇ, ਜਨਮ ਦਿਨ ਦੀ, ਸ਼ਾਦੀ ਦੀ ਅਕਸਰ ਫੈਸ਼ਨ ਦੇ ਤੌਰ 'ਤੇ ਹੀ ਮਨਾਈ ਜਾਂਦੀ ਹੈ ਜਾਂ ਫਿਰ ਇਸ ਦੀ ਆੜ ਵਿਚ ਲੋਕਾਂ ਨੂੰ ਜਾਂ ਫਿਰ ਆਪਣੇ ਆਪ ਨੂੰ 'ਖੁਸ਼' ਕਰਨ ਲਈ ਦੂਸਰਿਆਂ ਨੂੰ ਮੌਕਾ ਦੇਣ ਵਾਸਤੇ।

ਵੈਸੇ ਤਾਂ ਹਰ ਵਰ੍ਹੇ ਹੀ ਵਰ੍ਹੇ ਗੰਢ ਆਉਂਦੀ ਹੈ ਪ੍ਰੰਤੂ ਕੁਝ ਵਰ੍ਹੇ ਵਿਸ਼ੇਸ਼ ਹੁੰਦੇ ਹਨ ਜਿਵੇਂ ਸੋਲ੍ਹਵਾਂ ਵਰ੍ਹਾ, ਇੱਕੀਵਾਂ ਵਰ੍ਹਾ ਜਾਂ ਫਿਰ ਪੱਚੀਵਾਂ, ਪੰਜਾਹਵਾਂ, ਪਚੱਤਰਵਾਂ ਤੇ ਸੌਵਾਂ ਵਰ੍ਹਾ ਆਦਿ। ਪ੍ਰੰਤੂ ਕੀ ਤੁਸੀਂ ਕਦੇ ਕਿਸੇ ਨੂੰ ਖੂਬ ਧੂਮਧਾਮ ਨਾਲ ਚਾਲੀਵਾਂ ਵਰ੍ਹਾ ਜਾਂ ਅਠੱਨਵੇਵਾਂ ਵਰ੍ਹਾ ਮਨਾਉਂਦੇ ਹੋਏ ਵੇਖਿਆ ਹੈ ਉਹ ਵੀ ਉਦੋਂ ਜਦੋਂ ਘਰ ਵਿਚ ਖਾਣ ਲਈ ਕੁਝ ਵੀ ਨਾ ਹੋਵੇ? ਨਹੀਂ ਦੇਖਿਆ ਨਾ, ਅਜੇ ਤਕ ਮੈਂ ਵੀ ਨਹੀਂ ਸੀ ਦੇਖਿਆ। ਪ੍ਰੰਤੂ ਅਸੀਂ ਸਭ ਕੁਝ ਭੁੱਲ ਗਏ ਹਾਂ ਕਿ ਅਸੀਂ ਭਾਰਤ ਵਰਸ਼ ਦੇ ਵਾਸੀ ਹਾਂ ਜਿਥੇ ਕੁਝ ਵੀ ਅਸੰਭਵ ਨਹੀਂ। ਜੋ ਸਾਰੇ ਸੰਸਾਰ ਵਿਚ ਨਹੀਂ ਹੁੰਦਾ ਉਹ ਇਥੇ ਹੁੰਦਾ ਹੈ।

ਕਹਿਣ ਨੂੰ ਤਾਂ ਭਾਵੇਂ ਰਾਜੇ ਰਜਵਾੜੇ ਨਹੀਂ ਰਹੇ ਪ੍ਰੰਤੂ ਫਿਰ ਵੀ ਭਾਰਤ ਤਾਂ ਰਾਜਿਆਂ ਦੇ ਹੱਥਾਂ ਵਿਚ ਹੀ ਕੈਦ ਹੈ। ਬੈਠੇ ਬੈਠੇ ਖਿਆਲ ਆਇਆ ਕਿ ਕੋਈ ਵੱਡਾ ਉਤਸਵ ਮਨਾਉਣਾ ਚਾਹੀਦਾ ਹੈ ਜਿਸ ਨਾਲ ਲੋਕਾਂ ਵਿਚ ਏਕਤਾ ਦੀ ਭਾਵਨਾ ਤੇ ਦੇਸ਼ ਭਗਤੀ ਜਾਗਰਿਤ ਹੋਵੇ। ਮੰਤਰੀ ਜੀ ਨੇ ਸਲਾਹ ਦਿੱਤੀ, "ਸਾਹਿਬ ਸਾਨੂੰ ਆਜ਼ਾਦ ਹੋਇਆਂ ਚਾਲੀ ਵਰ੍ਹੇ ਹੋ ਚੱਲੇ ਹਨ। ਸਾਨੂੰ ਇਸ ਦੀ ਵਰ੍ਹੇ ਗੰਢ ਮਨਾਉਣੀ ਚਾਹੀਦੀ ਹੈ।" ਰਾਜਾ ਜੀ ਨੇ ਆਗਿਆ ਦੇ ਦਿੱਤੀ ਤੇ ਇਕ ਨਾਅਰਾ ਦੇ ਦਿੱਤਾ 'ਦੇਸ਼ ਦੇ ਲਈ ਦੌੜ ਲਗਾਓ' ਦੇਸ਼ ਦੇ ਕੋਨੇ ਕੋਨੇ 'ਚੋਂ ਲੱਖਾਂ ਦੌੜਾਕੂਆਂ ਨੂੰ ਮੰਗਵਾ ਲਿਆ ਗਿਆ। ਸੜਕਾਂ ਜਾਮ ਕਰ ਦਿੱਤੀਆਂ ਗਈਆਂ। ਸਕੂਲ ਦਫਤਰ ਵੀ ਬੰਦ ਤੇ ਰਾਜਧਾਨੀ ਦਾ ਸਾਰਾ ਪ੍ਰਸ਼ਾਸਨ ਸ਼ਾਮਲ ਹੋ ਗਿਆ ਦੇਸ਼ ਵਾਸਤੇ ਦੌੜ ਲਗਾਉਣ ਲਈ। ਜਦੋਂ ਸਵਾਲ ਦੇਸ਼ ਦੀ ਏਕਤਾ ਤੇ ਦੇਸ਼ ਭਗਤੀ ਦਾ ਹੋਵੇ ਤਾਂ ਫਿਰ ਦੇਸ਼ ਦੇ ਖਜ਼ਾਨੇ ਦੇ ਦਵਾਰ 'ਤੇ ਜੰਦਰਾ ਕਾਹਦਾ। ਭਾਵੇਂ ਇਹ ਖਜ਼ਾਨਾ ਦੇਸ਼ 'ਚ ਪਏ ਸੋਕੇ ਤੋਂ ਪ੍ਰਭਾਵਿਤ ਲੋਕਾਂ ਲਈ ਭੀਖ ਮੰਗ ਕੇ ਇਕੱਠਾ ਕੀਤਾ ਗਿਆ ਹੋਵੇ ਜਾਂ ਫਿਰ ਆਮ ਜਨਤਾ 'ਤੇ ਟੈਕਸ ਲਾ ਕੇ ਜਾਂ ਫਿਰ ਨਾਗਰਿਕਾਂ ਨੂੰ ਸਹੂਲਤਾਂ ਪ੍ਰਦਾਨ ਕਰਨ ਹਿਤ ਅਲੱਗ ਰੱਖਿਆ ਗਿਆ ਹੋਵੇ ਕੀ ਫਰਕ ਪੈਣ ਵਾਲਾ ਹੈ।

ਗਲਤੀ ਇਕ ਵਾਰ ਹੋਵੇ ਤਾਂ ਕੋਈ ਗੱਲ ਨਹੀਂ। ਗਲਤੀ ਤਾਂ ਕੋਈ ਵੀ ਕਰ ਸਕਦਾ ਹੈ ਪਰ ਸਮਝਦਾਰ ਤਾਂ ਉਹ ਹੁੰਦਾ ਹੈ ਜੋ ਇਸ ਦਾ ਦੁਹਰਾ ਨਾ ਕਰੇ। ਦੌੜ ਖਤਮ ਹੋਈ ਨਹੀਂ ਕਿ ਪਤਾ ਨਹੀਂ ਕਿਥੋਂ 1930 ਦੀ ਯਾਦ ਤਾਜ਼ਾ ਹੋ ਗਈ। ਹੁਣ ਜਦੋਂ ਯਾਦ ਆ ਹੀ ਗਈ ਤਾਂ ਫਿਰ ਰਿਹਾ ਕਿਥੋਂ ਜਾਵੇ। ਬਸ ਧਾਰ ਲਿਆ ਗਿਆ ਕਿ 'ਡਾਂਡੀ ਯਾਤਰਾ' ਜਿਸ ਤਰ੍ਹਾਂ ਮਹਾਤਮਾ ਗਾਂਧੀ ਜੀ ਨੇ ਕੀਤੀ ਸੀ ਉਸੇ ਤਰ੍ਹਾਂ ਅੱਜ ਦੇ ਅੱਧੇ ਗਾਂਧੀ ਜੀ ਵੀ ਕਰਨ। ਹੋ ਸਕਦਾ ਹੈ ਕਿ ਲੋਕ ਇਸ ਨਾਲ ਸਵਿਸ ਖਾਤੇ ਤੇ ਬੋਫਰਜ਼ ਕਾਂਡ ਨੂੰ ਭੁੱਲ ਕੇ ਇਸ ਗੱਲ 'ਤੇ ਯਕੀਨ ਕਰ ਲੈਣ ਕਿ ਸ੍ਰੀ ਰਾਜੀਵ ਗਾਂਧੀ ਵਾਕਿਆ ਹੀ ਗਾਂਧੀ ਜੀ ਦੇ ਆਦਰਸ਼ਾਂ 'ਤੇ ਚੱਲਣ ਲਗ ਪਏ ਹਨ ਤੇ ਦੇਸ਼ ਭਗਤੀ ਵਿਚ ਉਨ੍ਹਾਂ ਦਾ ਕੋਈ ਸਾਨ੍ਹੀ ਨਹੀਂ ਹੈ।

ਜੇਕਰ ਦੇਸ਼ ਵਾਸਤੇ ਨਹੀਂ ਦੌੜੇ, ਜੇਕਰ ਡਾਂਡੀ ਯਾਤਰਾ ਵਿਚ ਸ਼ਾਮਲ ਨਹੀਂ ਹੋਏ ਤਾਂ ਜ਼ਾਹਿਰ ਹੈ ਕਿ ਤੁਸੀਂ ਦੇਸ਼ ਭਗਤ ਨਹੀਂ ਹੋ ਤੇ ਜੇ ਆਪ ਨੇ ਇਸ ਸਭ ਕੁਝ ਨਾਲ ਅਸਹਿਮਤੀ ਪ੍ਰਗਟ ਕੀਤੀ ਤਾਂ ਯਕੀਨਨ ਤੁਸੀਂ ਵਿਰੋਧੀ ਪਾਰਟੀ ਦੀ ਰਾਜਨੀਤੀ ਤੋਂ ਪ੍ਰੇਰਿਤ ਹੋ। ਦੇਸ਼ ਵਿਚ ਸੋਕਾ ਪਵੇ ਜਾਂ ਭੁੱਖਮਰੀ ਜਾਂ ਫਿਰ ਹਜ਼ਾਰਾਂ ਕਰੋੜਾਂ ਦੇ ਘਾਟੇ ਦਾ ਬਜਟ ਦੇਸ਼ 'ਤੇ ਥੋਪਣਾ ਪਵੇ। ਇਸ ਵਿਚ ਨਾ ਇਮਾਨਦਾਰ ਤੇ ਸਮਝਦਾਰ ਸਰਕਾਰ ਕੁਝ ਕਰ ਸਕਦੀ ਹੈ ਅਤੇ ਨਾ ਹੀ ਫੜ੍ਹਾਂ ਮਾਰਨ ਵਾਲੀ ਅਪੋਜ਼ੀਸ਼ਨ। ਜਿਥੇ ਸਰਕਾਰ ਬੋਫਰਜ਼ ਤੇ ਸਵਿਸ ਖਾਤਿਆਂ ਦਾ ਵਰਦਾਨ ਦੇਸ਼ ਨੂੰ ਦੇ ਸਕਦੀ ਹੈ ਉਥੇ ਅਪੋਜ਼ੀਸ਼ਨ ਕਾਰਜਸ਼ੀਲ ਦਿਖਾਉਣ ਲਈ 'ਭਾਰਤ ਬੰਦ' ਦੇ ਸਕਦੀ ਹੈ।

ਹੁਣ ਪੰਜਾਬ ਖਾਲਿਸਤਾਨ ਬਣੇ ਜਾਂ ਦਾਰਜੀਲਿੰਗ, 'ਗੋਰਖਾਲੈਂਡ' ਜਾਂ ਫਿਰ ਸ੍ਰੀਲੰਕਾ ਦੀ ਜਾਤੀ ਸੱਮਸਿਆ ਤੁਹਾਨੂੰ ਹੀ ਲੈ ਡੁੱਬਣ ਲਈ ਤਿਆਰ ਹੋਵੇ ਇਸ ਵਿਚ ਸਰਕਾਰ ਕੀ ਕਰੇ ਤੇ ਵਿਰੋਧੀ ਕੀ? ਉਹ ਸੱਤਾ ਨੂੰ ਸੰਭਾਲਣ ਕਿ ਰਾਜਸਥਾਨ ਨਹਿਰ ਨੂੰ, ਅਤਿਵਾਦੀਆਂ ਨਾਲ ਨਿਪਟਣ ਜਾਂ ਬਿਆਸ-ਸਤਲੁਜ ਨਹਿਰ ਬਣਨ ਵਿਚ ਹੋ ਰਹੀ ਦੇਰੀ ਨਾਲ, ਵਿਰੋਧੀਆਂ ਨਾਲ ਲੜਨ ਜਾਂ ਫਿਰ ਵਧਦੀ ਹੋਈ ਭ੍ਰਿਸ਼ਟਾਚਾਰ ਦੀ ਵੇਲ ਨਾਲ।

ਇੰਨਾਂ ਸਭ ਕੁਝ ਹੋਣ ਦੇ ਬਾਵਜੂਦ ਵੀ ਜੇ ਸਰਕਾਰ ਸਮਝਦੀ ਹੈ ਕਿ ਆਜ਼ਾਦੀ ਦੀ ਚਾਲੀਵੀਂ ਤੇ ਡਾਂਡੀ ਯਾਤਰਾ ਦੀ ਅਠੱਨਵੇਵੀਂ ਵਰ੍ਹੇ ਗੰਢ ਮਨਾਈ ਜਾਵੇ ਤਾਂ ਸਾਨੂੰ ਸਭ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਯਕੀਨਨ ਇਸ ਨਾਲ ਸਰਕਾਰ ਦੇ ਹੱਥ ਮਜ਼ਬੂਤ ਹੋਣਗੇ। ਤੇ ਜੇ ਸਰਕਾਰ ਸਮਝਦੀ ਹੈ ਕਿ ਦੇਸ਼ ਵਿਚ ਏਕਤਾ ਦੀ ਕਮੀ ਹੋ ਗਈ ਹੈ ਤੇ ਇਸ ਲਈ ਦੌੜਨਾ ਜ਼ਰੂਰੀ ਹੈ ਤਾਂ ਦੌੜ ਲਗਾਓ। ਹੋ ਸਕਦਾ ਹੈ ਦੌੜਦੇ ਦੌੜਦੇ ਤੁਹਾਡੇ ਵਿਚ ਏਕਤਾ ਦੀ ਭਾਵਨਾ ਜਾਗਰਿਤ ਹੋ ਜਾਵੇ। ਇਹ ਵੀ ਹੋ ਸਕਦਾ ਹੈ ਕਿ ਦੌੜਦੇ ਦੌੜਦੇ ਬੋਫਰਜ਼ ਤੋਪਾਂ ਤੇ ਸਵਿਸ ਖਾਤਿਆਂ ਬਾਰੇ ਸਭ ਕੁਝ ਹੀ ਭੁੱਲ ਜਾਵੇ। ਹੋ ਸਕਦਾ ਹੈ ਕਿ ਆਪ ਇੰਨੇ ਥੱਕ ਜਾਵੋ ਕਿ ਕਿਸੇ ਵਿਰੋਧੀ ਪਾਰਟੀ ਦੀ ਕਿਸੇ ਰੈਲੀ ਵਿਚ ਸ਼ਾਮਲ ਹੀ ਨਾ ਹੋ ਸਕੋ।

ਹਾਲਾਂ ਤਾਂ ਸਿਰਫ ਕੁਝ ਮਹੀਨੇ ਹੀ ਬੀਤੇ ਹਨ ਸਾਰਾ ਸਾਲ ਉਪਰ ਪਿਆ ਹੈ। ਪਤਾ ਨਹੀਂ ਸਰਕਾਰ ਕੀ ਕੀ ਕਰਵਾਏਗੀ ਤੇ ਕਿਹੜੀ ਕਿਹੜੀ ਵਰ੍ਹੇ ਗੰਢ ਮਨਾਏਗੀ। ਇਹ ਤਾਂ ਸਮਾਂ ਹੀ ਦੱਸੇਗਾ ਪ੍ਰੰਤੂ ਕੋਸ਼ਿਸ਼ ਕਰੋ ਅਗਲੀ ਵਾਰ ਜਦੋਂ ਅਜਿਹੀ ਕੋਈ 'ਕਾਲ' ਆਏ ਤਾਂ ਆਪ ਆਪਣੀ ਬੇਹਾਲੀ, ਵਧਦੀਆਂ ਕੀਮਤਾਂ, ਗਿਰਦੇ ਆਦਰਸ਼ ਤੇ ਦੇਸ਼ ਦੀ ਅਖੰਡਤਾ 'ਤੇ ਲੱਗ ਰਹੇ ਪ੍ਰਸ਼ਨ ਚਿੰਨ੍ਹ ਨੂੰ ਭੁੱਲ ਕੇ ਪ੍ਰਧਾਨ ਮੰਤਰੀ ਦੇ ਹੱਥ ਮਜ਼ਬੂਤ ਕਰਨ ਲਈ ਆਤੁਰ ਹੋਵੋ।

# ਫਿਰਕਾ ਪ੍ਰਸਤੀ : ਅੰਤਰਰਾਸ਼ਟਰੀ ਸੰਦਰਭ

ਫਿਰਕਾ ਪ੍ਰਸਤੀ ਨੂੰ ਰਾਜਨੀਤਕ ਹਿਤਾਂ ਲਈ ਵਰਤਣ ਦਾ ਤਜਰਬਾ ਨਵਾਂ ਨਹੀਂ। ਅੰਗਰੇਜ਼ ਹਾਕਮਾਂ ਨੇ ਫਿਰਕਾਪ੍ਰਸਤੀ ਨੂੰ ਯੋਜਨਾਬੱਧ ਰੂਪ ਵਿਚ ਵਧਾਇਆ ਸੀ। ਪਰ ਅੱਜ ਜਦ ਕਿ ਪਛੜੇ ਤੇ ਵਿਕਾਸ ਕਰ ਰਹੇ ਦੇਸ਼ਾਂ ਦੇ ਹਰ ਜੀਵਨ-ਖੇਤਰ ਵਿਚ ਦਿਲਚਸਪੀ ਲੈਣੀ ਅਤੇ ਦਖਲ ਦੇਣਾ ਵਧ ਰਹੇ ਹਨ; ਫਿਰਕਾਪ੍ਰਸਤੀ ਸੁਚੇਤ ਅਤੇ ਅਚੇਤ ਦੋਹਾਂ ਰੂਪਾਂ ਵਿਚ ਸਾਮਰਾਜ ਦੇ ਅੰਤਮ ਸੁਆਸਾਂ ਨੂੰ ਲੰਮਿਆਰਦੀ ਹੈ, ਲੁੱਟ ਘਸੁੱਟ ਨੂੰ ਤਿੱਖਾ ਕਰਦੀ ਹੈ, ਸਾਮਰਾਜ ਤੇ ਲੁੱਟ ਘਸੁੱਟ ਵਿਰੋਧੀ ਸੰਘਰਸ਼ ਅੰਦਰ ਪਾੜ ਪਾਉਂਦੀ ਹੈ। —

ਦੂਜੇ ਸੰਸਾਰ ਜੰਗ ਤੋਂ ਮਗਰੋਂ ਦੀਆਂ ਘਟਨਾਵਾਂ ਗਵਾਹ ਹਨ ਕਿ ਜਦੋਂ ਦਾ ਅਰਬ ਦੇਸ਼ਾਂ ਅੰਦਰ ਕੌਮ-ਪ੍ਰਸਤੀ ਅਤੇ ਆਰਥਕ ਉਭਾਰ ਆਏ ਹਨ, ਉਦੋਂ ਤੋਂ ਇਕ ਪਾਸੇ ਯਹੂਦੀ-ਬਨਾਮ-ਅਰਬੀ ਦੇਸ਼ਾਂ, ਧਰਮਾਂ ਅਤੇ ਫਿਰਕਿਆਂ ਵਿਚਕਾਰ ਫੁੱਟ ਵਧੀ-ਵਧਾਈ ਹੈ, ਦੂਜੇ ਪਾਸੇ ਲੈਬਨਾਨ ਤੇ ਮਿਸਰ ਜਹੇ ਦੋ-ਧਰਮੀ, ਬਹੁ-ਸੰਪ੍ਰਦਾਈ ਦੇਸ਼ਾਂ ਵਿਚ ਤਬਾਹੀ ਅਤੇ ਅਸਥਿਰਤਾ ਦੇ ਦੌਰੇ ਪਏ ਹਨ। ਨਾਲ ਹੀ, ਨਿਪਟ ਇਸਲਾਮੀ ਦੇਸ਼ਾਂ ਵਿਚ ਸ਼ੀਆ-ਸੁੰਨੀ ਦੇ ਤਫਰਕੇ ਵਧੇ ਹਨ। ਕੁਲ ਮਿਲਾ ਕੇ, ਸਭਨਾਂ ਅਰਬ, ਖਲੀਜ ਤੇ ਹੋਰਨਾਂ ਮੱਧ-ਪੂਰਬੀ ਦੇਸ਼ਾਂ ਦੀ ਕੌਮਪ੍ਰਸਤੀ ਦੀ ਕਾਂਗ ਫਿਰਕਾਪ੍ਰਸਤੀ ਕਾਰਨ ਢਲ ਗਈ ਹੈ, ਆਰਥਕ ਵਿਕਾਸ ਰੁਕਿਆ ਜਾ ਪਿੱਛੇ ਪਿਆ ਹੈ। ਇੰਜ ਹੀ ਅਫਰੀਕੀ ਮਹਾਂਦੀਪ ਦੀਆਂ ਕਾਲੀਆਂ ਕੌਮਾਂ ਅਤੇ ਧਰਮਾਂ ਵਿਚਕਾਰ ਕਿਤੇ ਨੰਗੇ, ਕਿਤੇ ਕੱਜੇ ਰੂਪ ਵਿਚ ਫੁੱਟ ਦੇ ਧਾਰਮਿਕ, ਨਸਲੀ, ਕਬੀਲਾਸ਼ਾਹੀ ਬੀਜ ਫੁੱਟੇ ਹਨ। ਲਾਤੀਨੀ ਅਮਰੀਕਾ ਵਿਚ ਵੀ ਅਜਿਹੀ ਪਾਟੋ ਧਾੜ, ਅਮਰੀਕਾ ਦਾ ਸਾਮਰਾਜੀ ਹਥਿਆਰ ਬਣ ਰਹੀ ਹੈ।

ਸੁਆਦਲੀ ਗੱਲ ਇਹ ਹੈ ਕਿ ਅਜ ਸਵੇਰੇ ਜਾਂ ਅਵੇਰੇ ਹਰ ਪ੍ਰਕਾਰ ਦੀ ਕੌਮੀ-ਫੁੱਟ ਅਤੇ ਫਿਰਕਾਪ੍ਰਸਤੀ ਵਿਚ ਸੀ ਆਈ ਏ ਜਾਂ ਅਮਰੀਕੀ ਸਰਕਾਰ ਦਾ ਸਿੱਧਾ ਹੱਥ ਨੰਗਾ ਹੋ ਜਾਂਦਾ ਹੈ।

ਅੱਜ ਜਦ ਆਸਾਮ ਜਾਂ ਪੰਜਾਬ ਵਿਚ ਫੁੱਟ ਪ੍ਰਸਤੀ ਜਾਂ ਫਿਰਕਾਪ੍ਰਸਤੀ ਦੇ ਪਿੱਛੇ ਕਿਸੇ ਬਦੇਸ਼ੀ ਜਾਸੂਸੀ ਸੰਸਥਾ ਦਾ ਹੱਥ ਦੱਸਿਆ ਜਾਂਦਾ ਹੈ ਤਾਂ ਇਹ ਗੱਲ ਨੰਗਾ-ਚਿੱਟਾ ਸਬੂਤ ਨਾ ਹੋਣ ਕਰਕੇ ਕਿਸੇ ਰਾਜਨੀਤੀ ਦਾ ਦਾਅ-ਪੇਚ ਜਾਂ ਨਾਹਰੇਬਾਜ਼ੀ ਜਾਪਦੀ ਹੈ — ਹਾਲਾਂਕਿ ਸਬੂਤ ਅਜੇ ਤਕ, ਤੀਜੀ ਦੁਨੀਆਂ ਵਿਚ ਹੋਏ ਕਈ ਰਾਜਨਹਤਕ ਕਤਲਾਂ ਤੇ ਸਾਜ਼ਸ਼ਾਂ ਦੇ ਵੀ ਨਹੀਂ ਲੱਭੇ।

ਜੇ ਸਬੂਤ ਵਰਗੀ ਸੂਹ ਲਗ ਸਕਦੀ ਹੈ ਤਾਂ ਉਹ ਸੀ ਆਈ ਏ ਦੇ ਸਿਧਾਂਤ, ਉਦੇਸ਼ ਅਤੇ ਕੰਮ-ਢੰਗ ਤੋਂ — ਜਿਸ ਨੇ ਜਾਸੂਸੀ ਨੂੰ ਪੇਸ਼ਾ, ਸਾਇੰਸ ਅਤੇ ਕਲਾ ਸਮਝ ਕੇ ਵਿਕਸਤ ਕੀਤਾ ਹੈ — ਆਪਣੇ ਹੀ ਅਮਰੀਕੀ ਕਾਲੇ-ਗੋਰੇ ਲੋਕਾਂ ਦੇ ਆਰਥਕ ਵਿਕਾਸ ਨੂੰ ਪਿੱਛੇ ਪਾ ਕੇ। ਦੱਖਣ-ਪੂਰਬੀ ਏਸ਼ੀਆ, ਚਿੱਲੀ, ਈਰਾਨ, ਤੁਰਕੀ, ਮੱਧ ਪੂਰਬੀ ਅਤੇ ਅਫਰੀਕੀ ਦੇਸ਼ਾਂ ਵਿਚ ਜਿਹੜੇ ਅੰਦਰੂਨੀ ਵਿਵਾਦ-ਫਸਾਦ ਹੋਏ ਹਨ, ਯੂਗਾਂਡਾ, ਲਾਤੀਨੀ ਅਮਰੀਕਾ ਅਤੇ ਈਰਾਨ ਵਿਚ ਹਾਈਜੈਕਿੰਗ ਕਰਨ ਅਤੇ ਬੰਧਕਾਂ ਨੂੰ ਕੱਢ ਲਿਜਾਣ ਦੇ ਜਿਹੜੇ 'ਆਪਰੇਸ਼ਨ' ਹੋਏ ਹਨ ਉਨ੍ਹਾਂ ਤੋਂ ਪਤਾ ਲਗਦਾ ਹੈ ਕਿ ਸੀ ਆਈ ਏ ਦੇ 'ਮਾਸਟਰ-ਮਾਈਂਡ' ਹੱਥ ਵਿਚ ਕਿਸੇ ਜਾਸੂਸੀ ਖੇਡ ਦੇ ਸਭਨਾਂ ਪਾਤਰ-ਪੁਤਲੀਆਂ ਦੀ ਡੋਰ ਹੁੰਦੀ ਹੈ।

ਸੀ ਆਈ ਏ ਦੇ ਜਾਸੂਸ ਬਨਾਉਣ ਜਾਂ ਭਰਤੀ ਕਰਨ ਦਾ ਇਕ ਮਨੋ-ਵਿਗਿਆਨਕ ਸਿਧਾਂਤ ਹੈ ਜਿਸ ਨਾਲ ਸਭ ਤੋਂ ਵੱਧ ਪ੍ਰਭਾਵਕ ਈਮਾਨਦਾਰ ਅਤੇ ਅਚੇਤ ਜਾਸੂਸ ਮਿਲਦਾ ਹੈ ਜਾਸੂਸੀ ਜਾਲ ਵਿਛਦਾ ਹੈ। ਈਮਾਨਦਾਰ, ਅਚੇਤ ਅਤੇ ਸਸਤਾ ਜਾਸੂਸ ਉਹ ਸਮੇਂ ਮਿਲਦਾ ਹੈ ਜਦ ਕਿਸੇ ਧਾਰਮਿਕ ਪਾਰਟੀ ਅਤੇ ਰਾਜਸੀ ਪ੍ਰਬੰਧ ਦੀ ਅੰਦਰਲੀ ਖਹਿ, ਕਿਸੇ ਵਿਚਾਰ, ਨੀਤੀ ਅਤੇ ਗਰਜ਼ਮੰਦੀ ਹੈ ਅੱਤ ਦੀ ਹੱਦ ਤੱਕ ਪੁਚਾ ਦੇਂਦੀ ਹੈ। ਇਸ ਲਈ ਕੇਵਲ ਆਦਰਸ਼ਿਆਏ ਵਿਚਾਰਧਾਰਕ, ਇਸ਼ਟ ਮਰਯਾਦਾ ਵਾਲੇ ਅਤਿਵਾਦ ਵਿਚੋਂ ਸੀ ਆਈ ਏ ਲਈ ਸਭ ਤੋਂ ਚੰਗੀ ਭਰਤੀ ਹੁੰਦੀ ਹੈ। ਅਤਿਵਾਦ ਦਾ ਆਰੰਭ ਭਾਵੇਂ ਸੌਦੇਬਾਜ਼ ਆਗੂਆਂ ਵਲੋਂ ਨਾਹਰੇ ਜਾਂ ਗੜਾਂਜ ਦੀ ਸ਼ਕਲ ਵਿਚ ਹੁੰਦਾ ਹੈ ਪਰ ਜਦੋਂ ਅਤਿਵਾਦ ਲੋਕਾਂ ਵਿਚ ਜੰਮੇ-ਪਲੇ ਜੁਝਾਰਸਿਰਾਂ ਤੇ ਹੱਥਾਂ ਉਪਰ ਚੜ੍ਹਦਾ ਹੈ ਤਾਂ ਸੌਦੇਬਾਜ਼ ਲੀਡਰਸ਼ਿਪ ਪਿੱਛੇ ਰਹਿ ਜਾਂਦੀ ਹੈ ਅਤੇ ਦੋ ਵਿਰੋਧੀ ਰੂਪਾਂ ਵਿਚ ਅਤਿਵਾਦ ਆਪੋ ਵਿਚ ਭਿੜ ਕੇ ਆਪਣੀ ਵਲੋਂ ਤਾਂ ਸ਼ਹਾਦਤ ਦਾ ਜਾਮ ਪੀਂਦਾ ਹੈ ਪਰ ਇਸ ਦਾ ਲਾਭ ਕੌਮੀ ਅਸਥਿਰਤਾ ਚਾਹੁਣ ਵਾਲੀ ਦੋਖੀ ਅੰਤਰ-ਰਾਸ਼ਟਰੀ ਸ਼ਕਤੀ ਨੂੰ ਪਹੁੰਚਦਾ ਹੈ।

## ਭਾਰਤੀ ਫਿਰਕਾਪ੍ਰਸਤੀ

ਇਸ ਪੱਖ ਤੋਂ ਦੇਖਿਆਂ ਪਤਾ ਲਗਦਾ ਹੈ ਕਿ ਵੱਖਵਾਦੀ ਫਿਰਕਾਪ੍ਰਸਤੀ ਆਸਾਮ ਵਿਚ ਹੋਵੇ ਜਾਂ ਪੰਜਾਬ ਵਿਚ; ਇਹ ਸਾਬਤ-ਸੂਰਤ ਸਿਖ ਮੁਹਾਂਦਰੇ ਵਿਚ ਹੋਵੇ ਜਾਂ ਹਿੰਦੂ ਸਰੂਪ ਵਿਚ ਜਾਂ ਇਸਲਾਮੀ ਜਲਾਲ ਵਿਚ, ਇਹ ਪਾਕਿਸਤਾਨ ਵਾਲੇ ਇਤਿਹਾਸ ਅਤੇ ਢੰਗਾਂ ਨੂੰ ਦੁਹਰਾਉਣ ਦੇ ਰਾਹੇ ਪੈ ਚੁਕੀ ਹੈ ਅਤੇ ਇਹ ਵੱਖਵਾਦੀ ਡਰਾਮੇ ਵਿਚ ਡਬਲ ਅਤੇ 'ਟ੍ਰਿਪਲ' ਰੋਲ ਨਿਭਾ ਰਹੀ ਹੈ।

ਦੂਜੇ ਪਾਸੇ, ਰਾਜ ਸੱਤਾ ਉਪਰ ਬਿਰਾਜਮਾਨ ਸ਼ਕਤੀ ਨੇ ਵਖਰਾ ਹੀ ਸੈਕੂਲਰਵਾਦ ਸਾਜ ਲਿਆ ਹੈ। ਇਸ ਨੇ ਕਦੇ ਦਬੇ, ਕਦੇ ਖੁੰਝਾਵੇਂ ਸ਼ਬਦਾਂ ਵਿਚ ਇਹ ਤਾਂ ਕਿਹਾ ਹੈ ਕਿ ਧਰਮ ਤੇ ਰਾਜਨੀਤੀ ਨੂੰ ਵੱਖ ਰਹਿਣਾ ਚਾਹੀਦਾ ਹੈ — ਪਰ ਇਸਨੇ ਵੋਟਰਾਂ ਵਿਚ ਪੈਰ ਜਮਾ ਕੇ ਬੈਠੀ ਫਿਰਕਾਪ੍ਰਸਤੀ ਨੂੰ ਪਛਾੜਨ ਲਈ ਸਭਨਾਂ ਧਰਮਾਂ ਨੂੰ ਧਿਆਇਆ ਹੈ — ਹਰ ਪੀਰ, ਪੈਗੰਬਰ, ਗੁਰੂ ਅਵਤਾਰ ਅਗੇ ਮੱਥੇ ਰਗੜੇ ਹਨ ਪਰ ਧਰਮ ਦਾ ਨਾਂ ਵਰਤਦੀ ਫਿਰਕਾਪ੍ਰਸਤੀ ਨਾਲ ਕਦੇ ਮੱਥਾ ਨਹੀਂ ਲਾਇਆ — ਕਦੇ ਸਿਧਾਂਤਕ ਪਿੜ ਵਿਚ ਉਤਰ ਕੇ ਦਸਤਪੰਜਾ ਨਹੀਂ ਲਿਆ। ਅੱਜ ਵੀ ਸੈਕੂਲਰ ਰਾਜਸੀ ਸ਼ਕਤੀ ਦੇ ਅੰਦਰ ਬਹੁਤੇ ਲੋਕ, ਧਰਮ ਵਾਲੇ ਪਹਿਲਾਂ ਹਨ ਅਤੇ ਦੇਸ਼ ਵਾਲੇ ਮਗਰੋਂ। ਇਸ ਲਈ ਧਰਮ ਨਿਰਪੱਖ ਜਾਂ ਸੈਕੂਲਰ ਅਖਵਾਉਂਦੀ ਕਾਂਗਰਸ ਪਾਰਟੀ ਨੂੰ ਧਰਮ ਦੇ ਨਸ਼ੇ ਦਾ ਅਹਿਸਾਸ ਰਿਹਾ ਹੈ। ਸ਼ਾਇਦ ਇਸੇ ਲਈ ਇਸ ਨੇ ਗ਼ੈਰ-ਨਸ਼ੀਲੇ ਅਧਰਮੀ ਸੈਕੂਲਰਿਜ਼ਮ ਦੀ ਥਾਂ ਸਰਬ-ਧਰਮ ਸੈਕੂਲਰ ਕਾਕਟੇਲ ਦਾ ਨਸ਼ਾ ਲਾਇਆ ਹੈ। ਦੀਨ ਇਲਾਹੀ ਜਿਹਾ, 'ਦੀਨ ਸੈਕੂਲਰ, ਚਲਾਇਆ ਹੈ।

ਅਧਰਮੀ ਮਈ ਦਿਨ ਨੂੰ ਕਦੇ ਦਿਲੋਂ ਜਾਂ ਦਫਤੋਂ ਪ੍ਰਵਾਨ ਨਹੀਂ ਕੀਤਾ, ਹਾਂ ਸਭ ਧਰਮਾਂ ਦੇ ਦਿਨਾਂ, ਦਿਹਾਰਾਂ, ਪੁਰਬਾਂ ਦੀਆਂ ਛੁੱਟੀਆਂ ਕਰਕੇ ਮਹੀਨੇ ਦੇ 'ਤੀਹ ਦਿਨਾਂ ਵਿਚ ਬੱਤੀ ਤਿਉਹਾਰ' ਰਖ ਲਏ ਹਨ।

ਆਜ਼ਾਦੀ ਤੋਂ ਝੱਟ ਮਗਰੋਂ ਜਦ ਹਿੰਦੂ, ਮੁਸਲਿਮ ਤੇ ਸਿਖ ਫਿਰਕਾਪ੍ਰਸਤ ਪਾਰਟੀਆਂ ਨੇ ਆਪੋ ਆਪਣੇ ਧਰਮ ਦੇ ਰਜਵਾੜਿਆਂ ਨਾਲ ਰਲ ਕੇ ਆਪਣੀ ਸ਼ਰੇਣੀ-ਔਕਾਤ ਦਿਖਾਉਣੀ ਸ਼ੁਰੂ ਕੀਤੀ ਤਾਂ ਸ਼ਾਇਦ ਉਨ੍ਹਾਂ ਨੂੰ ਸੂਤਰ ਕਰਨ ਲਈ ਸੈਕੂਲਰਿਜ਼ਮ ਦੇ ਧਰਮ-ਰਹਿਤ ਸੰਕਲਪ ਬਾਰੇ ਉਭਾਸਰਿਆ ਗਿਆ। ਪਰ ਮਗਰੋਂ ਵੋਟਾਂ ਨੂੰ ਫਾਹੁਣ ਦੀ ਲੋੜ ਤੇ ਦੌੜ ਕਾਰਨ ਫਿਰਕਾਪ੍ਰਸਤੀ ਵਿਰੁਧ ਉਹ ਸਟੈਂਡ ਵੀ ਸਾਡੀ ਕੌਮੀ ਤੇ ਸੈਕੂਲਰ ਪਾਰਟੀ ਨੇ ਨਹੀਂ ਲਿਆ ਜੋ ਡੇਢ ਸਦੀ ਪਹਿਲਾਂ ਫਰਾਂਸ ਅਤੇ ਸਦੀ ਕੁ ਪਹਿਲਾਂ ਰੂਸ ਦੇ ਇਨਕਲਾਬ ਤੋਂ ਪਹਿਲਾਂ ਉਥੋਂ ਦੀ ਰੋਸ਼ਨ-ਦਿਮਾਗ਼ ਬੁਰਜੁਆ ਕੌਮਪ੍ਰਸਤੀ ਨੇ ਆਪਣੀ ਫਿਰਕਾਪ੍ਰਸਤੀ ਵਿਰੁਧ ਲਿਆ ਸੀ।

ਫਿਰਕਾਪ੍ਰਸਤੀ ਨੂੰ ਹਰਾਉਣ ਲਈ ਚੋਣ ਤੋਂ ਪਹਿਲਾਂ ਹਰ ਧਰਮ ਅੱਗੇ ਮੱਥਾ ਟੇਕਣਾ, ਸਿਜਦਾ ਕਰਨਾ ਅਤੇ ਚੋਣਾਂ ਵਿਚ ਜਿੱਤੇ ਫਿਰਕਾਪ੍ਰਸਤ ਵਿਅਕਤੀ ਜਾਂ ਧੜੇ ਨੂੰ ਆਪਣੇ ਨਾਲ ਗੰਢਣ ਲਈ ਵਜ਼ੀਰੀ ਤੇ ਪਦਵੀ ਦਾ ਢੋਆ ਪੇਸ਼ ਕਰਨਾ — ਇਹ ਕਾਂਗਰਸ ਦੀ ਫਿਰਕਾਪ੍ਰਸਤੀ ਵੱਲ ਪਹੁੰਚ ਰਹੀ ਹੈ। ਇਸ ਨੇ ਅਸੂਲ ਦੀ ਖਾਤਰ ਫਿਰਕਾਪ੍ਰਸਤੀ ਕੋਲੋਂ ਇਕ ਵਾਰ, ਇਕ ਵੀ ਸੀਟ ਉਪਰ ਹਾਰਨ ਦਾ ਖਤਰਾ ਮੁੱਲ ਨਹੀਂ ਲੀਤਾ। ਵੋਟਾਂ ਤੋੜਨ ਲਈ ਵਿਰੋਧੀ ਅਤੇ ਆਪਣੇ ਉਮੀਦਵਾਰਾਂ ਦੇ ਧਰਮ ਅਤੇ ਜਾਤਪਾਤ ਦਾ ਧਿਆਨ ਰੱਖ ਕੇ ਟਿਕਟਾਂ ਦਿੱਤੀਆਂ ਹਨ ਆਪਣੇ ਕਈ ਯੋਗ ਵਰਕਰਾਂ ਨੂੰ ਅਣਡਿਠ ਕੀਤਾ ਹੈ। ਧਰਮ ਅਤੇ ਫਿਰਕਾਪ੍ਰਸਤੀ ਨਾਲ ਨਜਿੱਠਣ ਲਈ ਇਸ ਨੂੰ ਅਸ਼ਟਾਂਗ ਕਰਨ ਦੀ ਬੋਲੀ ਆਉਂਦੀ ਹੈ ਜਾਂ ਸੌਦੇਬਾਜ਼ੀ ਦੀ ਅਤੇ ਜਾਂ ਫੇਰ ਲਾਠੀ ਗੋਲੀ ਦੀ। ਉਂਜ ਤਾਂ ਧਰਮਾਂ-ਮਜ਼ਬਾਂ ਦੇ ਆਪਣੇ ਅੰਦਰ ਸਦੀਆਂ ਤੋਂ ਦਾਰਸ਼ਨਿਕ ਅਤੇ ਸਮਾਜਕ ਕਿੰਤੂ ਪੈਦਾ ਹੁੰਦੇ ਰਹੇ ਹਨ। ਜਿਵੇਂ :

ਮਜ਼ਹਬ ਦਾ ਕਿਹੜਾ ਸਿਧਾਂਤ, ਪੈਗੰਬਰ ਜਾਂ ਪੁਸਤਕ ਅੰਤਰ ਹੈ?

ਪਰਮਾਤਮਾ ਵਿਚ (ਮਨੁੱਖੀ) ਆਤਮਾ ਦੀ ਅਭੇਦਤਾ ਜਾਂ ਰਸਾਈ ਸਿੱਧੀ ਹੋਵੇ, ਨਬੀ ਅਵਤਾਰ ਰਾਹੀਂ ਹੋਵੇ ਜਾਂ ਪੁਜਾਰੀ-ਮੁਜਾਵਰ ਰਾਹੀਂ?

ਕੀ ਸਮਾਜ ਅਤੇ ਰਾਜ ਅੰਦਰ ਇਕੋ ਧਰਮ ਦੀ ਹੋਂਦ ਜਾਂ ਗ਼ਲਬਾ ਰਹੇ ਜਾਂ ਵੱਖ ਵੱਖ ਧਰਮ ਤੇ ਸੰਪ੍ਰਦਾਵਾਂ ਸਹਿ-ਹੋਂਦ ਵਿਚ ਰਹਿਣ? ਆਦਿਕ!

ਧਰਮ ਦੇ ਘੇਰੇ ਅੰਦਰ ਸਮਾਜ ਦੇ ਘੇਰੇ ਵਾਂਗ ਪਦਾਰਥਵਾਦ ਕਈ ਰੰਗਾਂ ਤੇ ਰੂਪਾਂ ਵਿਚ ਆਤਮਵਾਦ/ਵਿਚਾਰਵਾਦ ਨੂੰ ਵੰਗਾਰਦਾ ਰਿਹਾ ਹੈ; ਜਿਵੇਂ ਚਿੰਤਣ-ਨਿਰੰਤਰ ਵਿਸ਼ਵਾਸ ਨੂੰ ਅਤੇ ਕੁਦਰਤ ਵਿਚਾਰ ਨੂੰ ਵੰਗਾਰਦੇ ਟੁੰਬਦੇ ਰਹੇ ਹਨ।

ਆਦਿ ਅਤੇ ਸੁਭਾਵਿਕ ਨਾਸਤਕਤਾ ਤੋਂ ਲੈ ਕੇ ਸਾਇੰਸੀ ਅਤੇ ਮਨੁਖਵਾਦੀ-ਸਮਾਜਵਾਦੀ ਵਿਚਾਰਧਾਰਾਵਾਂ ਨੇ ਵਿਚਾਰਧਾਰਕ ਅਤੇ ਸਮਾਜਕ ਪ੍ਰਸ਼ਨਾਂ ਦੇ ਰੂਪ ਵਿਚ ਪ੍ਰਚੱਲਤ ਧਰਮ ਪ੍ਰਤੀ ਕਿੰਤੂ ਉਠਾਏ ਹਨ ਜਿਨ੍ਹਾਂ ਦਾ ਉਤਰ ਸਿਧਾਂਤ ਰੂਪ ਵਿਚ ਘੱਟ ਅਤੇ ਰਾਜਨੀਤਕ ਜਾਂ ਹਮਲਾਵਰੀ ਰੂਪ ਵਿਚ ਵੱਧ ਦਿੱਤਾ ਗਿਆ ਹੈ। ਜਿਵੇਂ :

— ਰੱਬ ਇਕ ਅਹਿਸਾਸ ਜਾਂ ਵਿਸ਼ਵਾਸ ਤੋਂ ਵੱਧ ਕੁਝ ਹੈ ਜਾਂ ਨਹੀਂ?

— ਰੱਬ ਨੇ ਮਨੁੱਖ ਨੂੰ ਨਹੀਂ, ਸਗੋਂ ਮਨੁੱਖ ਨੇ ਰੱਬ ਨੂੰ (ਵਿਚਾਰ ਰੂਪ ਵਿਚ) ਸਿਰਜਿਆ ਹੈ।

ਪਰ ਪ੍ਰਸ਼ਨਾਂ ਦਾ ਪ੍ਰਸ਼ਨ — ਮਨੁੱਖ ਦੇ ਕੋਰੇ ਸੁੱਚੇ ਦਿਲ ਵਿਚੋਂ ਜੋ ਅੱਜ ਉਭਰ ਰਿਹਾ ਹੈ, ਉਹ ਇਹ ਹੈ :

ਕੀ ਧਰਮ ਮਨੁੱਖ ਲਈ ਪੈਦਾ ਹੋਇਆ ਹੈ ਜਾਂ ਮਨੁੱਖ ਧਰਮ ਲਈ?

ਇਸ ਪ੍ਰਸ਼ਨ ਦੇ ਉਤਰਾਂ ਪ੍ਰਤੀ ਉਤਰਾਂ ਉਪਰ ਫਿਰਕਾਪ੍ਰਸਤੀ ਬਾਰੇ ਮਨੁੱਖੀ ਨਿਰਣਾ ਨਿਰਭਰ ਕਰਦਾ ਹੈ — ਫਿਰਕਾਪ੍ਰਸਤੀ, ਜਿਸਦੀ ਟੇਕ ਧਰਮ ਉਪਰ ਰਹਿੰਦੀ ਹੈ।

ਵਪਾਰ ਵਿਚ ਵਾਧੇ ਲਈ

ਯਾਦ ਰੱਖੋ

# ਕਨੇਡਾ ਦਰਪਨ

## The Manitoba Mirror

# ਮੈਨੀਟੋਬਾ ਦਰਪਣ


ਕੇਵਲ ਤਿੰਨ ਜਾਂ ਚਾਰ ਜਾਂ ਪੰਜ ਸਾਲਾਂ ਵਿਚ ਆਪਣੀ ਜ਼ਿੰਦਗੀ ਭਰ ਦੀ ਇਨਸ਼ੋਰੈਂਸ ਖ਼੍ਰੀਦਣ ਲਈ

ਰਾਜ ਸਿੰਘ ਮਾਨ

ਨੂੰ ਮਿਲੋ

● ਲਾਈਫ਼ ਇਨਸ਼ੋਰੈਂਸ ● ਗਰੁੱਪ ਇਨਸ਼ੋਰੈਂਸ

● ਮਾਰਗੇਜ ਇੰਨਸ਼ੋਰੈਂਸ

● ਬੱਚਿਆਂ ਦੀ ਪੜ੍ਹਾਈ ਦੀ ਇੰਨਸ਼ੋਰੈਂਸ



NORTH AMERICAN LIFE

RRSP

■ Personal ■ Children's ■ Group ■ Annuities

Ph. 943-1526

1507 - 330 Portage Ave. WINNIPEG, MAN. R3C 0C4

Raj Singh Maan Sales Manager

Res. 694-0731

Commissioner for oaths

V.I.P. SUPERMARKET

Ph. 774-8671

ਭਾਰਤੀ ਗਰੌਸਰੀ, ਤਾਜ਼ੀਆਂ ਸਬਜ਼ੀਆਂ,

ਬੱਕਰੇ ਦਾ ਤਾਜ਼ਾ ਮੀਟ, ਨਵੇਂ ਗਾਣਿਆਂ ਦੀਆਂ ਟੇਪਾਂ

ਗੋਲਗੱਪੇ ਅਤੇ ਸਮੋਸਾ ਮੇਕਰ

ਤੁਹਾਨੂੰ ਵੀ. ਆਈ. ਪੀ. ਸੁਪਰਮਾਰਕੀਟ ਤੋਂ ਹੀ

ਮਿਲ ਸਕਦੇ ਹਨ

ਸਭ ਤੋਂ ਪੁਰਾਣਾ ਗਰੌਸਰੀ ਸਟੋਰ ਜੋ 12 ਸਾਲ ਤੋਂ ਏਸੇ ਥਾਂ ਹੈ:

V.I.P. SUPERMARKET

739, Elice Ave. WINNIPEG, MAN.

Moti Flour Industries

620 - Sophia St., SELKIRK — MAN.

Ph. 204-482-4111

Or. 204-785-1054

100% ਡਰਮ ਕਣਕ ਦਾ ਆਟਾ

ਵੇਸਣ, ਦਲੀਆ, ਮੱਕੀ ਦਾ ਆਟਾ ਹੋਲਸੇਲ ਕੀਮਤਾਂ ਉਤੇ

GRIND YOUR OWN MASALA

ਆਟਾ ਤੁਹਾਨੂੰ ਵੀ. ਆਈ. ਪੀ. ਸੁਪਰਮਾਰਕਿਟ ਤੋਂ ਵੀ ਮਿਲ ਸਕਦਾ ਹੈ



BALDEV S. BEDI M.A. B.A. (Hons.)
BROKER AND COMMISSIONER
FOR OATHS

ਕਿਸੇ ਭੀ ਕਿਸਮ ਦੀ ਜਾਇਦਾਦ ਖ਼੍ਰੀਦਣਾ ਜਾਂ ਵੇਚਣਾ ਚਾਹੁੰਦੇ ਹੋ ?

ਮੁਫਤ ਸਲਾਹ ਮਸ਼ਵਰੇ ਲਈ ਫ਼ੋਨ ਕਰੋ :

ਬਲਦੇਵ ਸਿੰਘ ਬੇਦੀ M.A. B.A. (Hons.)

- ਜਾਇਦਾਦ ਰਿਹਾਇਸ਼ੀ, ਕਮਰਸ਼ਲ, ਅਪਾਰਟਮੈਂਟ ਬਲਾਕ, ਵਿਹਲੀ ਜ਼ਮੀਨ, ਹੋਟਲ, ਮੋਟਲ ਜਾਂ ਕੋਈ ਬਿਜਨਿਸ ਹੋਵੇ !
- ਮਾਰਗੇਜ ਦਾ ਪ੍ਰਬੰਧ ਕਰਨਾ ਹੋਵੇ
- ਕਿਰਾਏ ਦੇ ਮਕਾਨਾਂ ਸੰਬੰਧੀ ਕੋਈ ਮਸ਼ਵਰਾ ਲੈਣਾ ਹੋਵੇ

ਆਪਣੀ ਪੰਜਾਬੀ ਰੀਅਲ ਅਸਟੇਟ ਕੰਪਨੀ ਦੀਆਂ ਸੇਵਾਵਾਂ ਦਾ ਲਾਭ ਉਠਾਓ

ਜਿਥੇ ਕੋਈ ਭੀ ਪ੍ਰਾਪਰਟੀ ਵੇਚਣ ਵੇਲੇ 7% ਕਮਿਸ਼ਨ ਦੇਣਾ ਕੋਈ ਜ਼ਰੂਰੀ ਨਹੀਂ !!

Bus. 269-4411, Res. 261-7598,

24 Hrs: 942-0141

Pager 6366

AMAN REALTY

1223 Markham Road Winnipeg Man. R3T 4B1

# ਪੰਜਾਬ ਦੀ ਤਬਾਹੀ ਤੇ ਕੇਂਦਰੀ ਮਦਦ

—ਸੁਹੇਲ ਸਿੰਘ—

ਜਦੋਂ ਦੀ ਪੰਜਾਬ ਅੰਦਰ ਅਤਿਵਾਦੀ-ਵੱਖਵਾਦੀ ਲਹਿਰ ਚਲੀ ਹੈ ਉਦੋਂ ਤੋਂ ਹੀ ਪੰਜਾਬ ਦੀ ਹੋਰ ਕਈ ਖੇਤਰਾਂ ਵਿਚ ਹੋ ਰਹੀ ਤਬਾਹੀ ਤੋਂ ਬਿਨਾਂ ਆਰਥਕ ਤਬਾਹੀ ਜਾਰੀ ਹੈ। ਜ਼ਰਾਇਤੀ ਅਤੇ ਸਨਅਤੀ ਖੇਤਰ ਵਿਚ ਸੂਬੇ ਨੂੰ ਬਹੁਤ ਪਿਛਾੜਨ ਲੱਗੀ ਹੈ।

ਪੰਜਾਬ ਨੂੰ ਹਾਲੇ ਇਸ ਤਰ੍ਹਾਂ ਦੇ ਹੱਲਿਆਂ ਦਾ ਸਾਹਮਣਾ ਹੀ ਸੀ ਕਿ ਇਸ ਉਤੇ ਇਕ ਹੋਰ ਆਫਤ ਟੁੱਟੀ। ਬੇਰੁਤੀਆਂ ਭਾਰੀ ਬਾਰਸ਼ਾਂ ਅਤੇ ਹੜ੍ਹਾਂ ਨੇ ਸੂਬੇ ਦੇ ਕਈ ਖੇਤਰਾਂ ਵਿਚ ਭਾਰੀ ਜਾਨੀ ਅਤੇ ਮਾਲੀ ਨੁਕਸਾਨ ਕੀਤਾ। ਹੜ੍ਹਾਂ ਦੀ ਆਫਤ ਕੁਦਰਤੀ ਵੀ ਸੀ ਅਤੇ ਮਨੁੱਖ ਵਲੋਂ ਪੈਦਾ ਕੀਤੀ ਹੋਈ ਵੀ।

ਜਦੋਂ ਅਸੀਂ ਇਹ ਸਤਰਾਂ ਲਿਖ ਰਹੇ ਹਾਂ ਤਾਂ ਬਹੁਤ ਸਾਰਾ ਪਾਣੀ ਪੁਲਾਂ ਹੇਠ ਦੀ ਗੁਜ਼ਰ ਚੁਕਾ ਹੈ — ਅਥਵਾ ਹੜ੍ਹਾਂ ਨਾਲ ਹੋਈ ਤਬਾਹੀ ਦੇ ਬਹੁਤ ਸਾਰੇ ਵੇਰਵੇ ਵੀ ਲੋਕਾਂ ਸਾਹਮਣੇ ਆ ਚੁਕੇ ਹਨ ਅਤੇ ਹੜ੍ਹਾਂ ਨਾਲ ਹੋਈ ਭਾਰੀ ਤਬਾਹੀ ਦੇ ਕਾਰਨ ਵੀ ਸਪਸ਼ਟ ਹੋ ਗਏ ਹਨ।

ਪ੍ਰੈਸ ਦੇ ਬਹੁਤ ਸਾਰੇ ਹਲਕਿਆਂ ਨੇ ਆਪੋ ਆਪਣੀ ਦਿੱਖ ਤੋਂ ਪੰਜਾਬ ਦੇ ਹੜ੍ਹਾਂ ਬਾਰੇ ਟਿਪਣੀਆਂ ਕੀਤੀਆਂ ਹਨ। ਇਹਨਾਂ ਟਿਪਣੀਆਂ ਵਿਚ ਬੀ. ਬੀ. ਐਮ. ਬੀ. ਦਾ ਵਰਨਣ ਹੈ ਕਿ ਹੜ੍ਹਾਂ ਦੀ ਤਬਾਹੀ ਲਈ ਉਹ ਕਿੰਨੀ ਕੁ ਜ਼ਿੰਮੇਂਵਾਰ ਹੈ।

● ਜਦੋਂ ਪ੍ਰਧਾਨ ਮੰਤਰੀ ਪੰਜਾਬ ਦੇ ਹੜ੍ਹ ਮਾਰੇ ਖੇਤਰਾਂ ਦਾ ਦੌਰਾ ਕਰਨ ਆਏ ਸਨ ਤਾਂ ਉਸ ਸਮੇਂ ਤੱਕ ਪੰਜਾਬ ਦੇ ਵੱਖ ਵੱਖ ਖੇਤਰਾਂ ਵਿਚ ਹੜ੍ਹਾਂ ਨਾਲ ਹੋਈ ਤਬਾਹੀ ਦੀ ਪੂਰੀ ਤਸਵੀਰ ਸਾਹਮਣੇ ਆ ਚੁਕੀ ਸੀ। ਇਸ ਤੋਂ ਬਿਨਾਂ ਪ੍ਰਧਾਨ ਮੰਤਰੀ ਆਪਣੀਆਂ ਅੱਖਾਂ ਨਾਲ ਵੀ ਵੱਡੀ ਤਬਾਹੀ ਅਤੇ ਬਰਬਾਦੀ ਵੇਖ ਚੁਕੇ ਸਨ।

ਪ੍ਰਧਾਨ ਮੰਤਰੀ ਦੀ ਹੜ੍ਹ-ਮਾਰੇ ਖੇਤਰਾਂ ਦੀ ਫੇਰੀ ਤੋਂ ਪਹਿਲਾਂ ਤਬਾਹੀ ਦਾ ਅੰਦਾਜ਼ਾ ਲਾਉਣ ਲਈ ਜਿਹੜੀ ਕੇਂਦਰੀ ਟੀਮ ਆਈ ਸੀ ਉਸ ਨੇ ਹੜ੍ਹ-ਮਾਰੇ ਖੇਤਰਾਂ, ਦਰਿਆਵਾਂ ਦੇ ਕਿਨਾਰਿਆਂ ਦੀ ਤਬਾਹੀ, ਬੰਨ੍ਹਾਂ ਦੀ ਤਬਾਹੀ, ਨਹਿਰਾਂ ਦੀ ਤਬਾਹੀ, ਸੜਕਾਂ ਦੀ ਤਬਾਹੀ, ਥੀਨ ਡੈਮ ਦੀ ਤਬਾਹੀ ਆਦਿ ਬਾਰੇ ਜਿਹੜਾ ਸਰਵੇ ਕੀਤਾ ਹੈ ਉਸ ਅਨੁਸਾਰ ਇਕੱਲੇ ਥੀਨ ਡੈਮ ਵਿਚ ਮਸ਼ੀਨਰੀ ਤੇ ਹੋਰ ਤਬਾਹੀ ਆਦਿ ਦਾ ਅੰਦਾਜ਼ਾ ਹੀ ਪੰਜਾਹ ਕਰੋੜ ਰੁਪੈ ਬਣਦਾ ਹੈ। ਇਸ ਹਿਸਾਬ ਨਾਲ ਵੇਖਿਆ ਜਾਵੇ ਤਾਂ ਪੰਜਾਬ ਵਿਚ ਸਮੁੱਚੀ ਤਬਾਹੀ ਕਰੋੜਾਂ ਰੁਪੈ ਦੀ ਹੈ।

ਥੀਨ ਡੈਮ ਦੀ ਤਬਾਹੀ, ਸੜਕਾਂ ਦੀ ਤਬਾਹੀ, ਦਰਿਆਵਾਂ ਤੇ ਬੰਨ੍ਹਾਂ ਆਦਿ ਦੀ ਤਬਾਹੀ ਨੂੰ ਜੇ ਅਸੀਂ ਇਕ ਪਾਸੇ ਵੀ ਛੱਡ ਲਈਏ ਅਤੇ ਕੇਵਲ ਹੜ੍ਹਾਂ ਨਾਲ ਫਸਲਾਂ ਅਤੇ ਪਿੰਡਾਂ ਆਦਿ ਦੀ ਤਬਾਹੀ ਦਾ ਹੀ ਮੋਟਾ ਜੇਹਾ ਅੰਦਾਜ਼ਾ ਲਾਈਏ ਤਾਂ ਇਹ ਹੀ ਬਹੁਤ ਵੱਡੀ ਹੈ।

ਇਸ ਸਾਰੇ ਪਿਛੋਕੜ ਵਿਚ ਹੁਣ ਅਸੀਂ ਉਸ ਕੇਂਦਰੀ ਸਹਾਇਤਾ ਦਾ ਵਿਸ਼ਲੇਸ਼ਣ ਕਰਦੇ ਹਾਂ ਜਿਹੜੀ ਕਿ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਪੰਜਾਬ ਦੇ ਹੜ੍ਹ-ਮਾਰੇ ਖੇਤਰਾਂ ਦਾ ਦੌਰਾ ਕਰਨ ਪਿਛੋਂ ਚੰਡੀਗੜ੍ਹ ਵਿਖੇ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਐਲਾਨੀ ਹੈ।

ਜਿਵੇਂ ਰੇਡੀਓ, ਟੀ. ਵੀ. ਅਤੇ ਹੋਰ ਪਰਚਾਰ ਸਾਧਨਾਂ ਵਲੋਂ ਪ੍ਰਧਾਨ ਮੰਤਰੀ ਦੇ ਹੜ੍ਹ-ਮਾਰੇ ਖੇਤਰਾਂ ਦੇ ਦੌਰੇ ਦਾ ਧੂਮ-ਧੜੱਕੇ ਨਾਲ ਪਰਚਾਰ ਕੀਤਾ ਗਿਆ ਇਵੇਂ ਹੀ ਉਹਨਾਂ ਵਲੋਂ ਪੰਜਾਬ ਨੂੰ ਸੌ ਕਰੋੜ ਹੜ੍ਹ-ਰਾਹਤ ਦਾ ਪਰਚਾਰ ਕੀਤਾ ਗਿਆ ਹੈ

ਪੰਜਾਬ ਅਤੇ ਹਰਿਆਣੇ ਨੂੰ ਹੜ੍ਹ ਮੱਦਦ ਦਾ ਐਲਾਨ ਕਰਦਿਆਂ ਭਾਵੇਂ ਪ੍ਰਧਾਨ ਮੰਤਰੀ ਨੇ ਇਹ ਗੱਲ ਆਖੀ ਹੈ ਕਿ ਇਸ ਮੱਦਦ ਨਾਲ ਹੋਰ ਮੱਦਦ ਦਾ ਰਾਹ ਬੰਦ ਨਹੀਂ ਹੋਇਆ ਅਤੇ ਕਿ ਕੇਂਦਰੀ ਟੀਮ ਵਲੋਂ ਹੜ੍ਹਾਂ ਨਾਲ ਹੋਈ ਤਬਾਹੀ ਬਾਰੇ ਰੀਪੋਰਟ ਪੇਸ਼ ਹੋਣ ਪਿਛੋਂ ਹੋਰ ਵੀ ਮਦਦ ਮਿਲੇਗੀ ਪਰ ਜਿਸ ਤਰ੍ਹਾਂ ਦੀ ਅਵਸਥਾ ਹੈ ਉਸ ਅਨੁਸਾਰ ਜੇ ਕੇਂਦਰ ਨੇ ਪੰਜਾਬ ਨੂੰ ਕੁਝ ਹੋਰ ਰਾਹਤ ਦੇ ਵੀ ਦਿੱਤੀ ਤਾਂ ਉਹ ਕਿਸੇ ਤਰ੍ਹਾਂ ਵੀ ਬਹੁਤੀ ਨਹੀਂ ਹੋਣ ਲੱਗੀ, ਅਥਵਾ ਇਹ ਐਲਾਨ ਰਕਮ ਦਾ ਤੀਜਾ, ਚੌਥਾ ਹਿਸਾ ਹੀ ਹੋਵੇਗੀ।

ਹੁਣ ਅਸੀਂ ਕੇਵਲ ਹੜ੍ਹਾਂ ਨਾਲ ਫਸਲਾਂ, ਮਕਾਨਾਂ ਆਦਿ ਦੀ ਹੋਈ ਤਬਾਹੀ ਵੱਲ ਆਉਂਦੇ ਹਾਂ।

ਪੰਜਾਬ ਵਿਚ ਹੜ੍ਹਾਂ ਨਾਲ ਕੁਲ 1600 ਪਿੰਡ ਮੁਕੰਮਲ ਤੌਰ ਉਤੇ ਢਹਿ-ਢੇਰੀ ਹੋ ਗਏ ਅਤੇ 9000 ਪਿੰਡ ਹੜ੍ਹਾਂ ਕਾਰਨ ਅਸਰ ਅੰਦਾਜ਼ ਹੋਏ। ਏਥੇ ਅਸੀਂ ਕੇਵਲ ਮੁਕੰਮਲ ਤੌਰ ਉਤੇ ਤਬਾਹ ਹੋਏ ਪਿੰਡਾਂ ਦੇ ਨੁਕਸਾਨ ਦਾ ਹੀ ਅੰਦਾਜ਼ਾ ਲਾ ਰਹੇ ਹਾਂ।

ਜੇ ਅਸੀਂ ਇਕ ਪਿੰਡ ਦੇ ਅੰਦਾਜ਼ਨ ਸੌ ਘਰ ਵੀ ਮਿਥ ਲਈਏ ਤਾਂ ਉਹਨਾਂ ਨੂੰ ਗੁਜ਼ਰ ਕਰਨ ਯੋਗ ਘਰ ਉਸਾਰਨ ਅਤੇ ਖੇਤੀ ਆਦਿ ਦਾ ਧੰਦਾ ਚਾਲੂ ਕਰਨ ਲਈ ਜਿੰਨੀ ਰਕਮ ਮੁਢਲੇ ਰੂਪ ਵਿਚ ਲੋੜੀਂਦੀ ਹੈ ਉਹ ਦਸ ਲੱਖ ਦੇ ਨੇੜੇ ਤੇੜੇ ਪੁੱਜ ਜਾਂਦੀ ਹੈ। ਇਸ ਤਰ੍ਹਾਂ ਜੇ ਮੁਕੰਮਲ ਤੌਰ ਉਤੇ ਤਬਾਹ ਹੋਏ 1600 ਪਿੰਡਾਂ ਦੇ ਲੋਕਾਂ ਨੂੰ ਸਿਰ ਉਤੇ ਮਾਮੂਲੀ ਛੱਤ ਮੁਹੱਈਆ ਕਰਕੇ ਖੇਤੀ ਕਰਨ ਯੋਗ ਬਨਾਉਣਾ ਹੋਵੇ ਤਾਂ ਇਸ ਉਤੇ ਹੀ ਸੋਲਾਂ ਕਰੋੜ ਰੁਪੈ ਖਰਚ ਆ ਜਾਣਗੇ। ਜੇ ਤਬਾਹ ਹੋਈ ਫਸਲ ਦਾ ਮੁਆਵਜ਼ਾ ਦੇਣਾ ਹੈ, ਮਾਲੀਆ ਅਤੇ ਆਬੀਆਨਾ ਮੁਆਫ ਕਰਨਾ ਹੈ ਅਤੇ ਘਟੋ ਘਟ ਤਿੰਨ ਮਹੀਨੇ ਲਈ ਰਾਸ਼ਨ ਦੇਣਾ ਹੈ ਤਾਂ ਇਹ ਰਕਮ ਕੁਲ ਮਿਲਾ ਕੇ 25 ਕਰੋੜ ਬਣ ਜਾਂਦੀ ਹੈ।

ਇਸ ਹਿਸਾਬ ਕਿਤਾਬ ਵਿਚ ਉਹ 9000 ਪਿੰਡ ਸ਼ਾਮਲ ਨਹੀਂ ਹਨ। ਜਿੰਨ੍ਹਾਂ ਵਿਚ ਹੜ੍ਹਾਂ ਦਾ ਪਾਣੀ ਦਾਖਲ ਹੀ ਹੋਇਆ। ਪਾਣੀ ਦਾਖਲ ਹੋਣ ਨਾਲ ਪਿੰਡਾਂ ਦਾ ਬਹੁਤਾ ਨੁਕਸਾਨ ਨਹੀਂ ਹੋਇਆ ਪਰ ਸਾਉਣੀ ਦੀ ਫਸਲ ਵਧੇਰੇ ਕਰਕੇ ਤਬਾਹ ਹੋ ਗਈ।

ਜੇ ਇਹਨਾਂ 9000 ਪਿੰਡਾਂ ਨੂੰ ਤਬਾਹ ਹੋਈ ਫਸਲ ਦਾ ਇਕ ਪਿੰਡ ਦੇ ਹਿਸਾਬ ਨਾਲ ਇਕ ਲੱਖ ਰੁਪੈ ਮਾਮੂਲੀ ਜੇਹੀ ਰਕਮ ਵੀ ਮੁਆਵਜ਼ੇ ਵਜੋਂ ਦਿੱਤੀ ਜਾਵੇ ਤਾਂ ਇਸ ਖਾਤੇ ਹੀ 90 ਕਰੋੜ ਰੁਪੈ ਪੈ ਜਾਂਦੇ ਹਨ। ਅਥਵਾ ਕੇਂਦਰ ਵਲੋਂ ਕੱਢੀ ਗਈ 100 ਕਰੋੜ ਦੀ ਰਕਮ ਨਾਲ ਜੇ ਹੜ੍ਹ-ਪੀੜਤ ਪੇਂਡੂ ਖੇਤਰਾਂ ਦੀ ਮਾਮੂਲੀ ਜੇਹੀ ਮੱਦਦ ਹੀ ਕੀਤੀ ਜਾਵੇ ਤਾਂ ਇਸ ਖਾਤੇ ਹੀ 100 ਕਰੋੜ ਤੋਂ ਉਪਰ ਰਕਮ ਨਿਕਲ ਜਾਂਦੀ ਹੈ। ਪਰ ਸਰਕਾਰ ਨੇ ਜਿਹੜੀ ਹੜ੍ਹ-ਪੀੜਤਾਂ ਲਈ ਮੱਦਦ ਦਿੱਤੀ ਹੈ ਕਿ ਕੇਵਲ ਖੇਤੀ ਸੈਕਟਰ ਲਈ ਨਹੀਂ ਹੈ ਸਗੋਂ ਹੜ੍ਹ ਨਾਲ ਹੋਈ ਸਮੁੱਚੀ ਤਬਾਹੀ ਦੇ ਪ੍ਰਸੰਗ ਵਿਚ ਹੈ।



ਇਸ ਰਕਮ ਵਿਚੋਂ ਹੀ ਥੀਨ ਡੈਮ ਦੇ ਬਾਰਸ਼ਾਂ ਨਾਲ ਹੋਏ ਨੁਕਸਾਨ ਦੀ ਪੂਰਤੀ ਹੋਣੀ ਹੈ। ਇਸ ਵਿਚੋਂ ਹੀ ਹੜ੍ਹਾਂ ਨਾਲ ਦਰਿਆਵਾਂ ਅਤੇ ਧੁਸੀਆਂ ਆਦਿ ਦੇ ਕਿਨਾਰਿਆਂ ਅਤੇ ਪਏ ਸ਼ਗਾਫਾਂ ਦੀ ਮੁਰੰਮਤ ਹੋਣੀ ਹੈ। ਇਸ ਵਿਚੋਂ ਹੀ ਸੜਕਾਂ, ਪੁਲਾਂ ਆਦਿ ਦੀ ਮੁਰੰਮਤ ਹੋਣੀ ਹੈ। ਇਸ ਤਰ੍ਹਾਂ ਕੁਲ ਮਿਲਾ ਕੇ ਵੇਖਿਆ ਜਾਵੇ ਤਾਂ ਖੇਤੀ ਨਾਲ ਸੰਬੰਧਤ ਹੜ੍ਹ-ਮਾਰੇ ਖੇਤਰ ਦੇ ਪੱਲੇ ਕੇਵਲ ਤੀਜਾ ਹਿਸਾ ਰਕਮ ਹੀ ਪੈਂਦੀ ਹੈ।

ਇਸ ਸਾਰੇ ਪਿਛੋਕੜ ਵਿਚ ਕੇਂਦਰੀ ਸਰਕਾਰ ਨੂੰ ਪੰਜਾਬ ਨੂੰ ਐਲਾਨੀ ਗਈ ਹੜ੍ਹ-ਪੀੜਤ ਰਾਹਤ ਦੀ 100 ਕਰੋੜ ਦੀ ਰਕਮ ਨੂੰ ਪਹਿਲੀ ਕਿਸ਼ਤ ਹੀ ਸਮਝਣਾ ਚਾਹੀਦਾ ਹੈ ਅਤੇ ਹੜ੍ਹਾਂ ਨਾਲ ਹੋਈ ਹਾਨੀ ਨੂੰ ਮੁਖ ਰੱਖਦਿਆਂ ਘਟੋ ਘੱਟ 1000 ਕਰੋੜ ਰੁਪੈ ਦੀ ਹੜ੍ਹ ਰਾਹਤ ਦੇਣੀ ਚਾਹੀਦੀ ਹੈ। ਜਿਵੇਂ ਕਿ ਸੀ ਪੀ ਆਈ (ਐਮ) ਦੇ ਪੰਜਾਬ ਰਾਜ ਸਕੱਤਰੇਤ ਨੇ ਪੰਜਾਬ ਦੇ ਹੜ੍ਹ ਪੀੜਤਾਂ ਲਈ ਪ੍ਰਧਾਨ ਮੰਤਰੀ ਵਲੋਂ ਐਲਾਨੀ ਗਈ ਰਕਮ ਦੇ ਸੰਬੰਧ ਵਿਚ ਟਿਪਣੀ ਕਰਦਿਆਂ ਉਪਰੋਕਤ ਰਕਮ ਦੀ ਮੰਗ ਕੀਤੀ ਹੈ।

● ਆਪਣੀ ਚੰਡੀਗੜ੍ਹ ਦੀ ਪ੍ਰੈਸ ਕਾਨਫਰੰਸ ਵਿਚ ਪ੍ਰਧਾਨ ਮੰਤਰੀ ਨੇ ਸਤਲੁਜ ਦਰਿਆ ਵਿਚ ਆਏ ਭਾਰੀ ਹੜ੍ਹਾਂ ਅਤੇ ਅਚਨਚੇਤ ਦਰਿਆ ਵਿਚ ਪਾਣੀ ਦੀ ਪੱਧਰ ਬਹੁਤ ਉਚੀ ਚਲੀ ਜਾਣ ਦੇ ਸੰਬੰਧ ਵਿਚ ਜਿਹੜੇ ਦੋਸ਼ ਭਾਖੜਾ ਬਿਆਸ ਬੋਰਡ ਉਤੇ ਲੱਗ ਰਹੇ ਹਨ ਉਹਨਾਂ ਦੇ ਸੰਬੰਧ ਵਿਚ ਅਧਿਕਾਰੀਆਂ ਨੂੰ ਸਾਫ ਬਰੀ ਕਰ ਦਿੱਤਾ।

ਇਸ ਗੱਲ ਵਿਚ ਕੋਈ ਵੀ ਸ਼ੱਕ ਨਹੀਂ ਕਿ ਭਾਖੜਾ ਝੀਲ ਵਿਚ ਜਿਹੜਾ ਵਾਧੂ ਪਾਣੀ ਆ ਗਿਆ ਸੀ ਉਹ ਖਾਰਜ ਕਰਨਾ ਹੀ ਸੀ, ਪਰ ਇਹ ਇਕ ਤਾਂ ਸਹਿਜੇ ਸਹਿਜੇ ਖਾਰਜ ਕਰਨਾ ਚਾਹੀਦਾ ਸੀ ਅਤੇ ਦੂਜੀ ਗੱਲ ਇਹ ਕਿ ਖਾਰਜ ਕਰਨ ਤੋਂ ਪਹਿਲਾਂ ਉਹਨਾਂ ਪਿੰਡਾਂ ਦੇ ਲੋਕਾਂ ਨੂੰ ਸੂਚਨਾ ਦੇਣੀ ਚਾਹੀਦੀ ਸੀ ਜਿਹੜੇ ਕਿ ਦਰਿਆ ਦੇ ਨਾਲ ਨਾਲ ਹਨ ਜਾਂ ਜਿਹੜੇ ਪਹਿਲਾਂ ਹੜ੍ਹ ਦੀ ਮਾਰ ਹੇਠ ਆਉਂਦੇ ਰਹਿੰਦੇ ਹਨ। ਅਥਵਾ ਪਾਣੀ ਛੱਡਣ ਤੋਂ ਪਹਿਲਾਂ ਸੰਬੰਧਤ ਜ਼ਿਲਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ ਸੂਚਿਤ ਕਰਨਾ ਚਾਹੀਦਾ ਸੀ। ਪਰ ਅਜਿਹਾ ਕੁਝ ਵੀ ਨਹੀਂ ਹੋਇਆ।

ਪ੍ਰਧਾਨ ਮੰਤਰੀ ਵਲੋਂ ਭਾਖੜਾ ਬੋਰਡ ਦੇ ਅਧਿਕਾਰੀਆਂ ਨੂੰ ਬਰੀ ਕਰਨ ਦੀ ਅਰਥ ਇਹ ਨਹੀਂ ਕਿ ਉਹ ਸਦਾ ਲਈ ਬਰੀ ਹੋ ਗਏ ਹਨ। ਇਹ ਸਾਰਾ ਮਾਮਲਾ ਬਹਿਸ ਹੇਠ ਹੈ ਅਤੇ ਬਹੁਤ ਸਾਰੇ ਤੱਥ ਸਾਹਮਣੇ ਆ ਚੁਕੇ ਹਨ।

● ਪ੍ਰਧਾਨ ਮੰਤਰੀ ਨੇ ਆਪਣੀ ਪ੍ਰੈਸ ਕਾਨਫਰੰਸ ਵਿਚ ਪੰਜਾਬ ਵਿਚ ਅਤਿਵਾਦੀ ਤੱਤਾਂ ਨਾਲ ਨਿਪਟਣ ਦੇ ਸੰਬੰਧ ਵਿਚ ਜਿਹੜੀ ਵੀ ਪਹੁੰਚ ਲਈ ਅਤੇ ਪੰਜਾਬ ਮਸਲੇ ਦੇ ਹੱਲ ਲਈ ਜਿਸ ਕਿਸਮ ਦੀਆਂ ਵੀ ਗੱਲਾਂ ਕੀਤੀਆਂ ਹਨ ਉਹਨਾਂ ਤੋਂ ਏਹੀ ਸਿਟਾ ਕੱਢਿਆ ਜਾ ਸਕਦਾ ਹੈ ਕਿ ਉਹ ਪੰਜਾਬ ਮਸਲੇ ਨੂੰ ਲਟਕਾਉਣ ਦੀ ਪਾਲਸੀ ਜਾਰੀ ਰੱਖ ਰਹੇ ਹਨ।

ਮਿਸਾਲ ਵਜੋਂ ਪ੍ਰਧਾਨ ਮੰਤਰੀ ਨੇ 21 ਸਤੰਬਰ ਦੀ ਜਲੰਧਰ ਰੈਲੀ ਦੇ ਆਪਣੇ ਭਾਸ਼ਨ ਵਿਚ ਇਹ ਗੱਲ ਆਖੀ ਸੀ ਕਿ ਉਹ ਦਿੱਲੀ ਵਾਪਸ ਪਰਤਦਿਆਂ ਹੀ ਅਪੋਜ਼ੀਸ਼ਨ ਪਾਰਟੀਆਂ ਦੀ ਮੀਟਿੰਗ ਸੱਦਣਗੇ ਅਤੇ ਉਹਨਾਂ ਨਾਲ ਪੰਜਾਬ ਮਸਲੇ ਦੇ ਹੱਲ ਬਾਰੇ ਗੱਲਬਾਤ ਕਰਨਗੇ। ਪਰ ਦਿੱਲੀ ਪਹੁੰਚਕੇ ਪੂਰੇ ਦੋ ਹਫਤੇ ਤਾਂ ਉਹ ਖਾਮੋਸ਼ ਰਹੇ ਅਤੇ ਫੇਰ ਉਹਨਾਂ ਨੇ ਪੰਜਾਬ ਮਸਲੇ ਦੇ ਸੰਬੰਧ ਵਿਚ ਇਕ ਕੈਬਨਿਟ ਕਮੇਟੀ ਬਣਾ ਦਿੱਤੀ ਜਿਹੜੀ ਕਿ ਅਪੋਜ਼ੀਸ਼ਨ ਪਾਰਟੀਆਂ ਨਾਲ ਗੱਲਬਾਤ ਕਰੇਗੀ। ਇਸ ਕਮੇਟੀ ਨੇ ਅਪੋਜ਼ੀਸ਼ਨ ਪਾਰਟੀਆਂ ਨਾਲ ਕਦੋਂ ਗੱਲਬਾਤ ਆਰੰਭ ਕਰਨੀ ਹੈ ਅਤੇ ਇਸ ਦੇ ਕੀ ਸਿਟੇ ਸਾਹਮਣੇ ਆਉਣੇ ਹਨ — ਇਸ ਸੰਬੰਧੀ ਅਨੁਮਾਨ ਲਾਉਣੀ ਕੋਈ ਮੁਸ਼ਕਲ ਨਹੀਂ।

ਜੇ ਕੇਂਦਰ ਪੰਜਾਬ ਮਸਲੇ ਦੇ ਸਿਆਸੀ ਹੱਲ ਲਈ ਗੰਭੀਰ ਹੋਵੇ ਤਾਂ ਉਸ ਲਈ ਇਹ ਲਾਜ਼ਮੀ ਹੈ ਕਿ ਉਹ ਪੰਜਾਬ ਸਮਝੌਤੇ ਦੀ ਸੇਧ ਵਿਚ ਮਸਲੇ ਦੇ ਹੱਲ ਲਈ ਤੇਜ਼ ਕਦਮ ਪੁਟੇ ਅਤੇ ਨਾਲ ਹੀ ਨਾਲ ਗੱਲਬਾਤ ਕਰਨ ਦਾ ਸਿਲਸਿਲਾ ਵੀ ਜਾਰੀ ਰੱਖੇ। ਪਰ ਕੇਂਦਰ ਦੀ ਪਾਲਸੀ ਪਹਿਲਾਂ ਵਾਂਗ ਮਸਲੇ ਨੂੰ ਲਟਕਾਉਣ ਦੀ ਹੀ ਹੈ — ਅਤੇ ਇਹ ਪਹਿਲਾਂ ਵਾਂਗ ਹੀ ਤੰਗ ਸਿਆਸੀ ਹਿਤਾਂ ਦੀ ਪੂਰਤੀ ਲਈ ਲਟਕਾਇਆ ਜਾ ਰਿਹਾ ਹੈ।

ਜਦੋਂ ਅਸੀਂ ਇਹ ਸਤਰਾਂ ਲਿਖ ਰਹੇ ਹਾਂ ਤਾਂ ਕੇਂਦਰੀ ਸਰਕਾਰ ਇਸ ਸਮੇਂ ਵੀ ਪੰਜਾਬ ਮਸਲੇ ਨੂੰ ਨਿਰੋਲ ਅਮਨ ਕਾਨੂੰਨ ਦਾ ਮਸਲਾ ਹੀ ਸਮਝੀ ਬੈਠੀ ਹੈ ਭਾਵੇਂ ਕਿ ਇਸ ਵਲੋਂ ਮਸਲੇ ਦੇ ਹੱਲ ਲਈ ਵਜ਼ਾਰਤੀ ਕਮੇਟੀ ਵੀ ਕਾਇਮ ਕੀਤੀ ਹੋਈ ਹੈ ਅਪੋਜ਼ੀਸ਼ਨ ਪਾਰਟੀਆਂ ਨਾਲ ਗੱਲਬਾਤ ਦੀ ਡੁਗ-ਡੁਗੀ ਵੀ ਵਜਾਈ ਜਾ ਰਹੀ ਹੈ।

● ਆਪਣੀ ਚੰਡੀਗੜ੍ਹ ਦੀ ਪ੍ਰੈਸ ਕਾਨਫਰੰਸ ਵਿਚ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਅਤਿਵਾਦ ਦਾ ਵਰਨਣ ਕਰਦਿਆਂ ਆਖਿਆ ਕਿ ਅਤਿਵਾਦ ਕੋਈ ਮਾਮੂਲੀ ਮਸਲਾ ਨਹੀਂ ਕਿਉਂਜੁ ਇਸਦੇ ਬੀਜ ਅਤੇ ਜੜ੍ਹਾਂ ਦੇਸ਼ ਤੋਂ ਬਾਹਰ ਹਨ।

ਚੰਡੀਗੜ੍ਹ ਦੀ ਪ੍ਰੈਸ ਕਾਨਫਰੰਸ ਪਿਛੋਂ ਸ਼ੁਕਰਵਾਰ ਦੀ ਸ਼ਾਮ ਨੂੰ ਜੰਮੂ-ਕਸ਼ਮੀਰ ਵਿਖੇ ਇਕ ਇਕੱਠ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਆਖਿਆ ਕਿ ਜੰਮੂ ਕਸ਼ਮੀਰ ਵਿਚ ਵੀ ਪੰਜਾਬ ਵਰਗੀ ਸਥਿਤੀ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਪ੍ਰਧਾਨ ਮੰਤਰੀ ਦੀਆਂ ਉਪਰੋਕਤ ਟਿਪਣੀਆਂ ਤੋਂ ਇਹ ਗੱਲ ਹੋਰ ਹੋਰ ਉਭਰਕੇ ਸਾਹਮਣੇ ਆਉਂਣੀ ਹੈ ਕਿ ਅਤਿਵਾਦੀ ਲਹਿਰ ਨੂੰ ਸਾਮਰਾਜੀ ਸ਼ਕਤੀਆਂ ਅਤੇ ਪਾਕਿਸਤਾਨ ਦੀ ਜੁੰਡੀ ਦੀ ਡੱਟਵੀਂ ਹਮਾਇਤ ਹਾਸਲ ਹੈ ਅਤੇ ਜਿਹੜੀ ਨਾਮਨਿਹਾਦ ਪੰਥਕ ਕਮੇਟੀ ਪਾਕਿਸਤਾਨ ਅੰਦਰ ਆਪਣਾ ਕੇਂਦਰ ਬਣਾਈ ਬੈਠੀ ਹੈ ਉਸ ਨਾਲ ਸਾਮਰਾਜੀ ਏਜੰਸੀਆਂ ਦਾ ਹਰ ਤਰ੍ਹਾਂ ਨਾਲ ਸੰਪਰਕ ਹੈ।

ਇਸ ਤਰ੍ਹਾਂ ਦੀ ਅਵਸਥਾ ਵਿਚ ਜਦੋਂ ਕਿ ਸਾਮਰਾਜੀ ਸ਼ਹਿ ਤੇ ਮੱਦਦ ਪ੍ਰਾਪਤ ਅਤਿਵਾਦੀ ਵੱਖਵਾਦੀ ਤੱਤਾਂ ਵਲੋਂ ਗੰਭੀਰ ਖਤਰੇ ਸਾਹਮਣੇ ਹਨ ਅਤੇ ਪਾਕਿਸਤਾਨ ਅਤਿਵਾਦੀ ਤੱਤਾਂ ਨੂੰ ਟਰੇਨਿੰਗ ਅਤੇ ਹਥਿਆਰ ਦੇ ਰਿਹਾ ਹੈ ਤਾਂ ਕੀ ਇਹ ਗੱਲ ਜ਼ਰੂਰੀ ਨਹੀਂ ਕਿ ਅਤਿਵਾਦੀ ਵੱਖਵਾਦੀ ਤੱਤਾਂ ਵਿਰੁਧ ਵਿਸ਼ਾਲ ਲਾਮਬੰਦੀ ਕੀਤੀ ਜਾਵੇ।

ਅਜਿਹੀ ਵਿਸ਼ਾਲ ਲਾਮਬੰਦੀ ਕਿਵੇਂ ਹੋ ਸਕਦੀ ਹੈ ?

ਪੰਜਾਬ ਮਸਲੇ ਦਾ ਪੰਜਾਬ ਸਮਝੌਤੇ ਦੀ ਸੇਧ ਵਿਚ ਸਿਆਸੀ ਹੱਲ ਕਰਕੇ।

ਅਜਿਹਾ ਹੱਲ ਕਰਦਿਆਂ ਹੋਇਆਂ ਕਿਸੇ ਵੀ ਤਰ੍ਹਾਂ ਦੀ ਗੱਲਬਾਤ ਉਹਨਾਂ ਨਾਲ ਹੀ ਹੋਣੀ ਚਾਹੀਦੀ ਹੈ ਜਿਹੜੇ ਕਿ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਖਲੋਂਦੇ ਹਨ ਅਤੇ ਅਤਿਵਾਦੀ ਵੱਖਵਾਦੀ ਤੱਤਾਂ ਵਿਰੁਧ ਸਟੈਂਡ ਲੈਂਦੇ ਹਨ ਅਤੇ ਲੈਂਦੇ ਚਲੇ ਆ ਰਹੇ ਹਨ।

ਲੋਕ ਦੇਸ਼ ਧਰੋਹੀ ਅਤਿਵਾਦੀ ਵੱਖਵਾਦੀ ਤੱਤਾਂ ਨੂੰ ਮੁਕੰਮਲ ਤੌਰ ਉਤੇ ਨਿਖੇੜਨਾ ਅਤੇ ਦੇਸ਼ ਦੀ ਏਕਤਾ ਅਖੰਡਤਾ ਨੂੰ ਢਹਿ-ਢੇਰੀ ਕਰਨ ਦੀ ਸਾਮਰਾਜ ਦੀ ਚਾਲ ਨੂੰ ਫੇਲ੍ਹ ਕਰਨਾ ਚਾਹੁੰਦੇ ਹਨ। ਇਹ ਦੋਵੇਂ ਕੰਮ ਤਾਂ ਹੀ ਪੂਰੇ ਕੀਤੇ ਜਾ ਸਕਦੇ ਹਨ ਜੇਕਰ ਕੇਂਦਰੀ ਸਰਕਾਰ ਪੰਜਾਬ ਮਸਲੇ ਨੂੰ ਨਿਬੇੜਨ ਲਈ ਛੇਤੀ ਹਿਲਜੁਲ ਕਰੇ ਅਤੇ ਪੰਜਾਬ ਸਮਝੌਤੇ ਦੀ ਸੇਧ ਵਿਚ ਮਸਲੇ ਦੇ ਹੱਲ ਲਈ ਤਿੱਖੇ ਕਦਮ ਪੁਟੇ ਜਾਣ।

ਕੇਂਦਰੀ ਸਰਕਾਰ ਨੇ ਪਹਿਲਾਂ ਲੰਮਾਂ ਸਮਾਂ ਪੰਜਾਬ ਮਸਲੇ ਦੇ ਹੱਲ ਨੂੰ ਲਟਕਾਈ ਰੱਖਿਆ ਅਤੇ ਹੁਣ ਅੰਦਰਖਾਤੇ ਜਿਹੜੀਆਂ ਵੀ ਚਾਲਾਂ ਚਲ ਰਹੀ ਹੈ ਉਹਨਾਂ ਦਾ ਨਿਸ਼ਾਨਾ ਭਾਵੇਂ ਕੁਝ ਵੀ ਹੋਵੇ ਪਰ ਹਕੀਕਤ ਵਿਚ ਇਹਨਾਂ ਨਾਲ ਬੁਨਿਆਦ ਪ੍ਰਸਤਾਂ ਅਤੇ ਅਤਿਵਾਦੀ ਸਮਰਥਕਾਂ ਨੂੰ ਹੀ ਹੱਲਾਸ਼ੇਰੀ ਹੀ ਮਿਲ ਰਹੀ ਹੈ।

ਕੇਂਦਰੀ ਸਰਕਾਰ ਨੂੰ ਗਲਤ ਰਾਹ ਛੱਡਣਾ ਚਾਹੀਦਾ ਹੈ ਅਤੇ ਸਹੀ ਰਸਤੇ ਉਤੇ ਆਉਣਾ ਚਾਹੀਦਾ ਹੈ।

ਪੰਜਾਬ ਦੇ ਸੰਬੰਧ ਵਿਚ ਜੇ ਕੇਂਦਰੀ ਸਰਕਾਰ ਅਤਿਵਾਦੀ ਤੱਤਾਂ ਦੇ ਮਾਮਲੇ ਸੰਬੰਧੀ ਤਰੀਪੁਰਾ ਵਾਲੇ ਦਾਅ-ਪੇਚਾਂ ਅਤੇ ਲਾਈਨ ਉਤੇ ਚਲੀ ਤਾਂ ਪੰਜਾਬ ਦੇ ਹਾਲਾਤ ਠੀਕ ਨਹੀਂ ਹੋਣਗੇ।

ਪੰਜਾਬ ਬਾਰੇ ਨਵੇਂ ਗਲਤ ਕਦਮ ਚੁੱਕਣ ਤੋਂ ਪਹਿਲਾਂ ਸਰਕਾਰ ਨੂੰ ਸੌ ਵਾਰ ਸੋਚਣਾ ਹੋਵੇਗਾ। ਏਸੇ ਵਿਚ ਹੀ ਪੰਜਾਬ ਦਾ ਭਲਾ ਹੈ, ਏਸੇ ਵਿਚ ਹੀ ਦੇਸ਼ ਦਾ ਭਲਾ ਹੈ।

# ਬੰਬੇ ਸਵੀਟਸ®

ਮੈਨੂਫੈਕਚਰਰ ਇਨਕ

ਮਠਿਆਈਆਂ ਦੀ ਸਭ ਤੋਂ ਵੱਡੀ ਦੁਕਾਨ

Palm **HOMO MILK**
ਪਾਮ ਹੋਮੋ ਦੁੱਧ
**$3.19** 4 LIT.

**GOLDEN TEMPLE ATTA**
ਗੋਲਡਨ ਟੈਂਪਲ ਆਟਾ
**10.99** 2x10 KG.

**ALMONDS** *(No. 1)*
ਬਦਾਮ
LB. **$1.69**

ਪੰਜ ਪੌਂਡ ਮਿਕਸ ਮਠਿਆਈ ਖ਼੍ਰੀਦਣ ਵਾਲੇ ਨੂੰ
ਦੋ ਪੌਂਡ ਜਲੇਬੀਆਂ
**ਮੁਫ਼ਤ**

**NAMKIN** MIX
*REG. $3.99*
NOW **$1.99**

ਲੱਡੂ
**LADOO**
**$1.75** LB.

ਜਲੇਬੀਆਂ
**JALEBI**
**$1.49** LB.

ਵੈਜੀਟੇਬਲ ਸਮੋਸਾ 2 for **99¢**
with chutney (Take out only)

**BOMBAY SWEETS MANUFACTURER INC.**
6556-6560 Main St. (at 49th Ave.) Vancouver, B.C. V5X 3G9
CONTACT: NARESH SHUKLA & BROS.
Tel. (604) 321-1414 or 874-5722
Fax: 322-6090

# Popular Furniture Mfg. Ltd.

7935 - 128th Street, SURREY, B.C. **Ph. 596-1216**

ਵੈਨਕੂਵਰ ਵਿਚ

ਪਹਿਲੀ ਵਾਰ ਫਰਨੀਚਰ ਫੈਕਟਰੀ ਤੋਂ ਸਿਧਾ ਹੋਲਸੇਲ ਕੀਮਤਾਂ ਤੇ ਮਿਲਣ ਲੱਗਾ ਹੈ

ਦੀਵਾਲੀ ਮੁਬਾਰਕ!

## ਸਿੱਧੇ ਫੈਕਟਰੀ 'ਤੇ ਪਹੁੰਚੋ

ਤੇ ਮਨਮਰਜ਼ੀ ਦਾ ਫਰਨੀਚਰ ਖ੍ਰੀਦੋ

**ਰੰਗ-ਬਰੰਗੀਆਂ ਸੇਲਾਂ ਤੋਂ ਬਚੋ —**

ਰੀਟੇਲ ਫਰਨੀਚਰ ਸਟੋਰਾਂ ਨੇ ਫੈਕਟਰੀ ਕੀਮਤਾਂ ਬੀਟ (Beat) ਤਾਂ ਕੀ ਕਰਨੀਆਂ ਹਨ - (Meet) ਵੀ ਨਹੀਂ ਪਹੁੰਚ ਸਕਦੇ।



885 Pine



585 Pine



985 Pine



685 Pine

ਫਰਨੀਚਰ ਫੈਕਟਰੀ ਤੋਂ ਸਿੱਧਾ ਖ੍ਰੀਦਣ ਨਾਲ

**ਬੱਚਤ ਹੀ ਬੱਚਤ**

## ਆਓ, ਆ ਕੇ ਦੇਖੋ ਤੇ ਕੀਮਤਾਂ ਅਜ਼ਮਾਓ

- ਕਸਟਮ ਮੇਡ ਫਰਨੀਚਰ
- ਕੁਆਲਿਟੀ ਦੀ ਗਰੰਟੀ
- ਲੱਕੜ (Wood) ਦਾ ਬਣਿਆ ਫਰਨੀਚਰ

**ਫੈਕਟਰੀ ਸ਼ੋ-ਰੂਮ ਸੱਤੇ ਦਿਨ ਖੁਲ੍ਹਾ ਰਹਿੰਦਾ ਹੈ**

Factory Hours: 12.00 PM to 5:00 PM